ਵਤਨੋ ਦੂਰ



WATNO DŪR · DECEMBER 1977 50c

# Season's Greetings

**For free consultation and professional advice in buying, selling or trading any type of real estate contact any time**



**OFFICE**
**324-3888**
**RES.**
**434-4060**

## MANJEET S. BHATTI

**LOVE ROCK REALTY**
**5316 Victoria Drive,**
**Vancouver, B.C.**

---

# FREE Professional Advice on Tax Savings by using R.R.S.P.

ਟੈਕਸ ਸੇਵਿੰਗ ਦੇ ਬਾਰੇ R.R.S.P ਦਾ ਸਕੀਮ
ਜਾਂ ਇਨਸ਼ੋਰੈਂਸ ਬਾਰੇ ਕਿਸੇ ਵੀ ਕਿਸਮ ਦੀ
ਜਾਣਕਾਰੀ ਦੀ ਜ਼ਰੂਰਤ ਹੋਵੇ ਤਾਂ ਮਿਲੋ ਜਾਂ ਫੋਨ ਕਰੋ –

Daljit Sandhu will meet with you ANY TIME to explain R.R.S.P., Pension Plans, Permanent Life Insurance, Low Rate Term Insurance . . . and the importance of Children's Educational Plans.

Daljit will also be glad to explain the importance of adding special benefits to your policy — such as Accidental Income, Accidental Death and Dismemberment, Mortgage Protection and the very important Waiver of Premium.

## ਦਲਜੀਤ ਸੰਧੂ



# DALJIT SANDHU

## National Life of Canada

**Suite 501, 1155—West Pender Street**
**Vancouver, B.C. Phone: 685-7231**

**OFFICE:**
**685-7231**

**RESIDENCE:**
**278-0491**

**BOMBAY GROCERY STORE**
3950 MAIN STREET, VANCOUVER
874-3711

We are open 7 days a week
from 9:30 a.m. to 10 p.m.

*Special Discount for Weddings, Akhand Paths and other bulk orders!*



**Bombay Curry Restaurant**
*Licensed Premises*
3934 MAIN STREET, (23rd Ave.)
VANCOUVER
874-5722

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements for Wedding Parties and other occasions!*

*A DIVISION OF*

# SHUKLA ENTERPRISES LTD.

**Res. Phone: 874-4501**

***WATNO DUR IS ALSO AVAILABLE HERE!***

---

QUASAR T.V.'s — SONY T.V.'s

Color T.V.'s — Color T.V.'s

STEREO'S — RADIO'S

CASSETTE RECORDERS — CASSETTE/RADIO

SONY — HITACHI TVs

CASSETTE TAPES — 8 TRACK TAPES

BLACK and WHITE T.V.'s

SHARP T.V.'s

HEADPHONES — NEEDLES

*For that personalized attention*

*call at*

# UNION ELECTRONICS (1974) LTD.

6169 FRASER STREET, VANCOUVER B.C.

PHONE 321-0314

# Bear Auto Body Company Ltd.

*Specialists in Collision Repairs and Painting*

**7 Years In Business**

***New Location***

**1606 Clark Dr., Vancouver**

**Business 251-1944**

**Residence 872-8101**

**Anytime—7 Days A Week**

**I.C.B.C. WORK GREAT DISCOUNTS**

**SPECIAL DISCOUNT ON WINDSHIELD REPLACEMENT**
**WHOLESALE PRICE FOR ANY PART PURCHASED**
**FREE ESTIMATE AT YOUR HOME**
**FREE COURTESY CARS**

ਜੇ ਕੋਈ damage ਨਾ ਹੋਵੇ ਤਾਂ paint job ਉਸੇ ਦਿਨ ਦੇ ਸਕਦੇ ਹਾਂ!
ਗੱਲਬਾਤ ਪੰਜਾਬੀ ਵਿੱਚ ਦੀ ਕੀਤੀ ਜਾ ਸਕਦੀ ਹੈ!

**251-1944 ਜੋਗਿੰਦਰ ਸਿੰਘ ਅਟਵਾਲ 872-8101**

---

# BAINS

## INTERNATIONAL TRAVEL SERVICE

***We are appointed agents for all major airlines such as British Airways, Air India, Air Canada, Air France, Swiss Air, Pan American, TWA, Japan Airlines, CP Air, Northwest Orient, KLM, Lufthansa, Quantas, SAS — List is endless.***

***ENQUIRE FOR OTHER SPECIAL FARES: AFFINITY GROUPS, EXCURSIONS, CHARTERS — LONDON, HONG KONG, SINGAPORE, FIJI OR ANY OTHER PART OF THE WORLD.***

**REMEMBER ... ONE CALL DOES IT ALL!!!**

***By Being IATA member we can issue your ticket for any airline while you wait.***

## 3 LOCATIONS TO SERVE YOU

**6364 FRASER STREET,**
**VANCOUVER, B.C.**
**TEL: 324-2277**

**CAPILANO MALL**
**935 MARINE DRIVE**
**NORTH VANCOUVER, B.C.**
**TEL: 980-0351**

**1710 DOUGLAS STREET**
**VICTORIA, B.C.**
**TEL: 386-6363**

# NOW—A LIFE INSURANCE POLICY THAT GUARANTEES EVERY CENT OF YOUR MONEY BACK

***anytime you ask — after premiums have been paid and the policy has been in force for two years.***

*We also provide various other forms of insurance, such as:*

- **Investment plans**
- **Mortgage Insurance**
- **Children's Educational Plans**
- **Accident & Sickness policy**
- **Registered Retirement Savings plans**
- **Travel insurance**
- **Annuity Plans, etc., etc.**

ਹੁਣ ਤੁਸੀਂ ਨਵੀਂ ਕਿਸਮ ਦੀ ਵਧੀਆ ਇਨਸ਼ੋਅਰੈਂਸ ਪਾਲਿਸੀ ਖਰੀਦ ਸਕਦੇ ਹੋ, ਜਿਸ ਰਾਹੀਂ ਕਿਸੇ ਵੀ ਫੈਮਿਲੀ ਮੈਂਬਰ ਦਾ 50,000 ਡਾਲਰ ਤੱਕ ਲਾਈਫ਼ ਇਨਸ਼ੋਅਰੈਂਸ ਹੋ ਸਕਦਾ ਹੈ ਤੇ ਸਿਰਫ਼ ਦੋ ਸਾਲ ਪਾਲਿਸੀ ਚਾਲੂ ਰੱਖਕੇ ਤੁਸੀਂ ਉਸਤੋਂ ਬਾਅਦ ਜਦੋਂ ਵੀ ਚਾਹੋ ਆਪਣੇ ਸਾਰੇ ਪੈਸੇ ਇਕੱਠੇ ਵਾਪਸ ਲੈ ਸਕਦੇ ਹੋ!

ਇਹ ਪਾਲਿਸੀ ਕੈਨੇਡਾ ਵਿੱਚ ਪਹਿਲੀ ਵਾਰੀ ਚਾਲੂ ਹੋਈ ਹੈ।

***For further information please feel free to call any one of us without obligation:***



**JAGJIT SINGH SIDHU M.A.**
Unit Supervisor
Res.: 324-2493



**BAKHSHISH S. DHILLON**
Res. 873-3194
Bus. 273-2961



**PRIT PAL S. NARWAL**
B.A., LL.B.
Sales Representative
874-3276



**RUPINDER AZAD M.A.**
Unit Supervisor
Res. 430-1924

## SEABOARD LIFE INSURANCE COMPANY

**202 - 4640 No. 3 rd.**
**Richmond, B.C.**
**Office 273-2961**

FOR ALL YOUR GROCERY REQUIREMENTS
EAST INDIAN AND CANADIAN
VISIT

# J. B. FOODS

**6607 MAIN STREET (Corner of 50th)**
**321-0224**

**4531 MAIN STREET (At 29th)**
**874-3474**

We also carry Fresh fruits and vegetables. Special Discount for AKHAND PATHS and weddings.

*For FREE delivery phone 321-0224*

# SPECIAL CHRISTMAS OFFER!



Personalized attention by Mr. Sultan at all times.

$ 99.95 for five speed — boys
$144.95 Avanti 10 speed
and
$139.95 Apollo — ladies



*Not only this — but SELECT*

From over 400 bicycles to choose from — High Rise, Mini High Rise, Motor Cross, Tricycles of various Makes. Apollo, Monterey, Nomads all in stock.

**WEST COAST Cycles & Mowers Ltd. 5973 Fraser St.**
*Near McDonald's — Tel. 324-6599*

We repair all types of bicycles & mowers

# ਨਰਵਾਲ ਇੰਟਰਨੈਸ਼ਨਲ ਟਰੈਵਲਜ਼

**Cheapest fare to India, Fiji and Pakistan**

Also we have experience to help you and advise you on the following subjects:

1. ਬੇਕਾਰੀ (Unemployment)
2. ਵੈਲਫੇਅਰ (Welfare)
3. ਕਰਾਏਦਾਰੀ ਮਸਲੇ (Landlord & tenents grievances)
4. ਇਮੀਗ੍ਰੇਸ਼ਨ ਤੇ ਸਿਟੀਜ਼ਨਸ਼ਿਪ (Immigration & Citizenship)
5. ਪਾਸਪੋਰਟ ਤੇ ਦੋਭਾਸ਼ (Passport & Interpretation)

ਫ਼ੋਨ ਕਰੋ –

● ਜਸਬੀਰ ਨਰਵਾਲ, ਬੀ ਏ

● ਪ੍ਰਿਤਪਾਲ ਨਰਵਾਲ ਬੀ ਏ, ਐਲ ਐਲ ਬੀ

ਘਰ ਦਾ ਫ਼ੋਨ – 874-3276

Buying, selling or trading berry farms, homes, and for any other type of real estate need contact:

# Block Bros. Realty Ltd.

**32641 South Fraser Way, Abbotsford**
**853-6411 – Direct Line 524-2215**



**PAUL GILL**

**RES.: 826-9942**

# WATNO DŪR

**14768 HALSTEAD PLACE**
**SURREY, B.C. , V3R 6S5**

VOL. 5, NO. 54, DECEMBER, 77
**2nd Class Mail Reg. No. 3233**

**ANNUAL SUBSCRIPTION:**

| | | |
|---|---|---|
| CANADA-U.S.A. | | $5.00 |
| OTHER | SEA | $5.00 |
| COUNTRIES | AIR | $8.00 |



**EDITORIAL BOARD:**
Surinder Dhanjal
Ajmer Rodey, 438-7793
Amarjit Chahal, 892-3085

**EDITOR:**
Sadhu, 437-9014

**ADVERTISING EDITORS:**
Rupinder Azad M.A., 430-1924

**PUBLISHER:**
Tara Singh Hayer, 584-3714

**CIRCULATION BOARD:**
Iqbal Ramuwalia, Toronto (741-7538)
Sarwan Boal, Montreal (679-8132)
Latt Bhinder, Edmonton (462-6431)
Gurcharan Tallewalia, Richmond (271-4742)
K. S. Chaman, Calgary (248-2841)
Dave Jatana, Fort Nelson (774-2219)
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Jasbir Chahal, Victoria (385-4996)
Karamjit Ghuman, 324-0147

*All officeholders and members of WATNO DUR ADMINISTRATION BOARD past and present have been and are honorary associates of WATNO DUR.*

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।


## ਇਸ ਅੰਕ ਵਿਚ


**ਕਵਿਤਾ**

| | |
|---|---|
| ਅਜਮੇਰ ਰੋਡੇ | 8 |
| ਗੁਰੂਮੇਲ | 9 |
| ਦਰਸ਼ਨ ਬੈਂਸ | 9 |
| ਅਮਰਜੀਤ ਚਾਹਲ | 9 |
| ਮਿੱਤਰ ਰਾਸ਼ਾ | 9 |
| ਦਰਸ਼ਨ ਚਾਹਲ | 10 |
| ਕੁਲਵੰਤ ਜਗਰਾਓ | 10 |
| ਵਰਿਆਮ ਅਸਰ | 10 |
| ਪ੍ਰੋ: ਦੀਦਾਰ | 11 |
| ਹਮਦਰਦ ਵੀਰ ਨੌਸ਼ਹਿਰਵੀ | 11 |
| ਗੁਰਭਜਨ ਗਿੱਲ | 11 |
| ਦਲਜਿੰਦਰ | 12 |
| ਪ੍ਰੀਤਮ ਸਿੰਘ ਰਾਹੀ | 12 |
| ਮਿੰਦਰ ਪਾਲ ਭੱਠਲ | 13 |
| ਬਲਵਿੰਦਰ ਬਾਸੀ | 13 |

**ਕਹਾਣੀਆਂ**

| | |
|---|---|
| ਗਿੱਲ ਅਵਤਾਰ | 14 |
| ਸਾਥੀ ਲੁਧਿਆਣਵੀ | 16 |
| ਬੀਬਾ ਕੁਲਵੰਤ | 25 |
| ਹਰਮਿੰਦਰ | 25 |
| ਤੇਜਿੰਦਰ ਗੁਜਰਾਲ | 26 |
| ਐਸ ਕੇ ਰਾਮਪਾਲ | 27 |
| ਹਰਜੀਤ ਆਵਲਾ | 32 |

**ਸਥਾਈ ਕਾਲਮ**

| | |
|---|---|
| ਇੰਝ ਵੀ ਹੁੰਦਾ ਹੈ —ਕਰਮਜੀਤ ਘੁਮਾਣ | 24 |
| ਸੰਜੀਵਨੀ ਬੂਟੀ — ਅਜੀਤ ਸਿੰਘ ਕਾਬਲੀ | 36 |
| ਦਰਪਣ | 41 |

**ਲੇਖ**

| | |
|---|---|
| ਪਾਸ਼ | 21 |
| ਡਾ: ਹਰਚਰਨ ਸਿੰਘ | 35 |
| ਨਵਿੰਦਰ ਸਿੰਘ | 39 |

**ਰੀਪੋਰਟ**

| | |
|---|---|
| ਸਾਧੂ | 42 |
| ਰਣਜੀਤ ਧੀਰ | 43 |
| ਮੁੱਖ ਚਿੱਤਰ- ਸੁਰਿੰਦਰ ਧੰਜਲ | 8 |

ਮੁੱਖ ਚਿੱਤਰ:

# ਪਾਬਲੋ ਪਿਕਾਸੋ

(25 ਅਕਤੂਬਰ 1881 – 8 ਅਪ੍ਰੈਲ 1973)

ਪਾਬਲੋ ਪਿਕਾਸੋ ਨਿਰਸੰਦੇਹ ਇਕ ਮਹਾਨ ਕਲਾਕਾਰ ਸੀ। ਉਹ ਚਿੱਤਰ ਕਲਾ ਵਿੱਚ ਨਵੀਆਂ ਤੇ ਉਸਾਰੂ ਲੀਹਾਂ ਦਾ ਜਨਮਦਾਤਾ ਸੀ। ਉਸਨੇ ਆਪਣੇ ਆਲੇ ਦੁਆਲੇ, 'ਬਾਹਰੋਂ' ਨਜ਼ਰ ਆਉਂਦੀ ਸਰਲਤਾ ਅਤੇ ਸਾਧਾਰਣਤਾ ਦੀ ਥਾਂ 'ਅੰਦਰਲੀ' ਪੇਚੀਦਗੀ ਨੂੰ ਚਿਤ੍ਰਿਆ; ਨਵੇਂ 2 ਰੂਪਕ ਤਜਰਬੇ ਕੀਤੇ ਅਤੇ ਇਉਂ ਕਲਾ ਨੂੰ ਇਕ ਸ਼ਕਤੀਸ਼ਾਲੀ ਮਾਧਿਅਮ ਦੇ ਤੌਰ ਤੇ ਵਰਤਿਆ। ਉਸਨੇ ਵੀਹਵੀਂ ਸਦੀ ਦੀ ਕਲਾ ਤੇ ਡੂੰਘਾ ਪ੍ਰਭਾਵ ਪਾਇਆ।

ਪਾਬਲੋ ਅਮਨ ਦਾ ਪੁਜਾਰੀ ਸੀ। ਮੁਖ ਚਿਤਰ 'GUERNICA' (ਗਰਨਿਕਾ) ਉਸਦੀ ਇਕ ਮਾਸਟਰਪੀਸ ਕਿਰਤ ਹੈ। ਜਦੋਂ 1932 ਵਿੱਚ ਸਪੇਨ ਸਿਵਲ ਵਾਰ ਦੇ ਦੌਰਾਨ ਜਰਮਨ ਨਾਜ਼ੀਆਂ ਨੇ ਸਪੇਨ ਦੇ ਇਕ ਛੋਟੇ ਜਿਹੇ ਸ਼ਹਿਰ 'ਗਰਨਿਕਾ' ਨੂੰ ਬੰਬਾਂ ਨਾਲ ਤਬਾਹ ਕਰ ਦਿੱਤਾ, ਤਾਂ ਇਹ ਪੇਂਟਿੰਗ ਪਾਬਲੋ ਦੇ ਜੰਗ ਵੱਲ ਘ੍ਰਿਣਾ ਭਰੇ ਪ੍ਰਤੀਕਰਮ ਦੇ ਸਿੱਟੇ ਵਜੋਂ ਜਨਮੀ। ਪਾਬਲੋ ਨੂੰ ਸ਼ੱਕ ਸੀ ਕਿ ਇਸ ਤਬਾਹੀ ਵਿੱਚ ਸਪੇਨ ਦਾ ਡਿਕਟੇਟਰ ਫ਼ਰਾਂਸਿਸਕੋ ਫ਼ਰਾਂਕੋ ਵੀ ਹਿੱਸੇਦਾਰ ਹੈ, ਜਿਸਦੀ ਤਾਨਾਸ਼ਾਹੀ ਤੋਂ ਤੰਗ ਆ ਕੇ ਉਹ ਪਹਿਲਾਂ ਹੀ ਫ਼ਰਾਂਸ ਵਿੱਚ ਰਹਿ ਰਿਹਾ ਸੀ। ਸੋ ਉਸਨੇ 11 × 25 ਫੁੱਟ ਆਕਾਰ ਦੀ ਇਹ ਪੇਂਟਿੰਗ 1939 ਵਿੱਚ ਨਿਊਯਾਰਕ ਦੇ 'ਮਿਊਜ਼ੀਅਮ ਆਫ਼ ਮਾਡਰਨ ਆਰਟ' ਨੂੰ ਦੇ ਦਿੱਤੀ ਅਤੇ ਐਲਾਨ ਕੀਤਾ ਕਿ "ਇਹ ਪੇਂਟਿੰਗ ਉਸਦੇ ਵਤਨ ਸਪੇਨ ਨੂੰ ਉਦੋਂ ਦੇ ਦਿੱਤੀ ਜਾਏ ਜਦੋਂ ਫ਼ਰਾਂਕੋ ਦੇ ਪਤਨ ਜਾਂ ਮੌਤ ਤੋਂ ਬਾਅਦ ਸਪੇਨ ਵਿੱਚ ਡੈਮੋਕਰੇਸੀ ਸਥਾਪਿਤ ਹੋ ਜਾਏ।" (ਉਸਦਾ ਦੇਹਾਂਤ ਫ਼ਰਾਂਸ ਵਿੱਚ ਹੀ ਹੋਇਆ।) ਹੁਣ ਫ਼ਰਾਂਕੋ ਦੀ ਮੌਤ ਤੋਂ ਦੋ ਸਾਲ ਬਾਅਦ ਸਪੇਨ ਵਿੱਚ ਇਸ ਵਡਮੁੱਲੀ ਇਤਿਹਾਸਕ ਕਿਰਤ ਨੂੰ ਘਰ ਲਿਆਉਣ ਦੀਆਂ ਗੱਲਾਂ ਤੁਰੀਆਂ ਹਨ।

ਪਾਬਲੋ ਨੇ ਇਕ ਵਾਰ ਕਿਹਾ ਸੀ, "ਹਰ ਤਸਵੀਰ ਮੇਰੇ ਖ਼ੂਨ ਨਾਲ ਭਰੀ ਇਕ ਬੋਤਲ ਹੈ, ਕਿਉਂਕਿ ਉਸ ਨਾਲ ਹੀ ਇਹ ਬਣੀਆਂ ਹਨ।" ਸ਼ਾਹਕਾਰ 'ਗਰਨਿਕਾ' ਨੂੰ ਵੇਖਦਿਆਂ; ਜੰਗ ਦੀ ਜ਼ਿੰਮੇਦਾਰ 'ਹੈਵਾਨੀਅਤ' ਵੱਲ ਤੀਬਰ ਘ੍ਰਿਣਾ ਅਤੇ ਤਬਾਹ ਹੋ ਰਹੀ ਜ਼ਿੰਦਗੀ ਵੱਲ ਤਰਸ ਦੀ ਉਤਪਤੀ ਨੂੰ ਮੁੱਖ ਰਖਦਿਆਂ 'ਗਰਨਿਕਾ' ਪਾਬਲੋ ਦੀ ਉਪਰੋਕਤ ਸਵੈ-ਕਸਵੱਟੀ ਤੇ ਪੂਰੀ ਉਤਰਦੀ ਹੈ।

ਉਸਦੀਆਂ ਬਹੁ-ਗਿਣਤੀ, ਬਹੁ-ਪੱਖੀ ਕਲਾ-ਕ੍ਰਿਤਾਂ ਵਿੱਚ 'ਗਰਨਿਕਾ' ਵਾਂਗ ਹੀ ਜ਼ਿੰਦਗੀ ਪ੍ਰਤੀ ਡੂੰਘਾ ਮੋਹ ਸਮਾਇਆ ਹੋਇਆ ਹੈ ਜੋ ਅੱਜ ਸਾਰੀ ਮਾਨਵਤਾ ਦੀ ਪੂੰਜੀ ਬਣ-ਗਈਆਂ ਹਨ।

— ਸੁਰਿੰਦਰ ਧੰਜਲ
(ਯੂਨੀਵਰਸਿਟੀ ਆਫ਼ ਵਿੰਡਸਰ, ਓਨਟਾਰੀਓ)

## ਵਿਗਿਆਨ

ਅਜਮੇਰ ਰੋਡੇ, ਵੈਨਕੂਵਰ

ਤੁਸੀਂ ਤਾਂ ਮੇਰੀ ਚੋਲੀ 'ਤੇ ਹੀ ਨਗ ਜੜੇ ਹੋ
ਮੇਰਾ ਮੂੰਹ ਤੱਕ ਕੇ ਹੀ ਗੱਲਾਂ ਕਰਦੇ ਹੋ
ਸ਼ਬਦਾਂ ਦੇ ਜੰਗਲ ਵਿਚ ਆਓ
ਅਰਥਾਂ ਦੀ ਡੰਡੀ ਫੜ ਕੇ
ਰੂਹ ਦੀ ਕੁਟੀਆ ਤੱਕ ਤਾਂ ਪਹੁੰਚੋ
ਚਾਨਣ ਦੀ ਖਿੜਕੀ ਆਪਣੇ ਆਪ ਹੀ ਖੁਲ੍ਹ ਜਾਵੇਗੀ।
ਤੱਕ ਲੈਣਾ ਫਿਰ ਰੂਪ ਸ੍ਰਿਸ਼ਟੀ
ਜਗਦੇ ਬੁਝਦੇ ਬਿੰਦੂਆਂ ਦੇ ਵਿਚ ਦੂਈ
ਤੱਕ ਲੈਣਾ ਫਿਰ ਰੂਪ ਪਦਾਰਥ
ਬਹਿਰ ਬਹਿਰ ਹੋ ਵਗਦਾ
ਤੱਕ ਲੈਣਾ ਪ੍ਰਵਾਹ ਅੰਦਰ
ਸ਼ਾਂਤ ਅਗਨ ਜਿਹੀ ਵਗਦੀ
ਤੱਕ ਲੈਣਾ ਫਿਰ ਲੱਖਾਂ ਜੋਜਨ ਲੰਬੀਆਂ
ਦਵਾਨਲ ਦੀਆਂ ਲਾਟਾਂ
ਮਚਦੀਆਂ ਜੋ ਆਕਾਸ਼ ਦੇ ਅੰਦਰ
ਤੱਕ ਲੈਣਾ ਫਿਰ ਆਪਣਾ ਕੱਦ ਵੀ
ਘੱਟ ਮਿਣਤਾਂ ਵਿਚ
ਸ਼ਾਂਤ ਮਹਾਂ ਸਾਗਰ ਦੀ ਰੇਤ 'ਚ ਇਕ ਕਿਣਕੇ ਦੇ ਹਾਰ।
ਤੱਕ ਲੈਣਾ ਬ੍ਰਹਿਮੰਡ ਡੋਲਦੇ
ਇਸ ਕਿਣਕੇ ਦੇ ਅੰਤਰ ਅੰਦਰ
ਖੜ ਲੈਣਾ ਫਿਰ ਜੀਵਨ ਮਰਨ ਵਿਚਾਲੇ
ਟੁੱਟਦੀ ਜੁੜਦੀ ਰੇਖਾ ਉਤੇ
ਕਰ ਲੈਣਾ ਫਿਰ ਚੇਤਨ ਆਪਣੀ ਮ੍ਰਿਤੂ ਦੇ ਪਛਾਵੇਂ ਅੰਦਰ
ਆਪਣੇ ਆਪ ਨਾ' ਗੱਲਾਂ।
ਪਰ ਜੇ ਚੋਲੀ ਰੰਗਾਂ 'ਤੇ ਤੁਰ ਕੇ ਤਾਂ ਆਓ
ਜਿੱਥੇ ਪਾਰ 'ਤੇ ਤੁਰਿਆਂ ਚੇਤਨਤਾ ਰਹ ਜਾਗੀ!

## ਪਿੱਠਾਂ ਪਿਛਲਾ ਸੂਰਜ

ਗੁਰੂਮੇਲ
[illegible]

ਵਿਹਿਆ ਵੇਲੇ
ਪਿੱਠਾਂ ਪਿਛਲੇ ਸੂਰਜ ਨੂੰ
ਹੱਥਾਂ ਵਿਚ ਫੜ ਕੇ
ਆਪਣੇ ਸਨਮੁੱਖ ਤਾਂ ਕਰ ਲੈਂਦਾ,
ਪਰ ਚਾਨਣ ਦੇ ਤੈਂ ਤੋਂ ਡਰਦਾ
ਧੜ ਦੇ ਪਰਛਾਵੇਂ ਦੀ ਹਿੱਕ 'ਤੇ
ਪੈਰ ਪੈਰ ਪੱਬਾਂ ਨੂੰ ਧਰਦਾ
ਮੈਂ ਹਨੇਰਾ ਗ੍ਰਸ ਲਿਆ ਸਾਂ।
ਮੈਂ ਉਸ ਚਾਨਣ ਤੋਂ ਕੀ ਲੈਣਾ ਸੀ
ਜਿਸ ਵਿਚ ਤੇਰਾ ਝੋਲਾ ਵੀ
ਇਕ ਮਿਰਗਜਲੀ ਬਣ ਜਾਣਾ ਸੀ।

ਆਪਣੀ ਦੇਹ ਤੇ ਆਪ ਤੁਰਦਿਆਂ
ਰੋਹ ਵੀ ਆਇਆ
ਡੋਲ ਵੀ ਆਇਆ
ਪਰ ਮੈਂ ਧੱਥਾ-ਰੁੱਧਾ ਮੁਕਰਰ
ਆਪਣੇ ਆਪ ਤੇ ਤੁਰਦਾ ਆਇਆ

ਕਲ੍ਹ ਜਦ ਸੂਰਜ ਫੇਰ ਚੜ੍ਹੇਗਾ
ਤਾਂ ਸ਼ਾਇਦ ਮੇਰਾ ਪਰਛਾਵਾਂ
ਪਿੱਠ ਤੇ ਥਾਪਕੀ ਮਾਰ ਕਹੇਗਾ:
ਹੁਣ ਦਸ ਤੇਰੀ ਕਾਇਆ ਉੱਤੋਂ
ਤੇਰੇ ਵਾਂਗੂੰ ਤੁਰਿਆ ਆਵਾਂ?
ਤੇ ਫਿਰ ਸੂਰਜ 'ਚੋਂ ਨਿਕਲ ਕੇ
ਆਪਣੇ ਪਰਛਾਵੇਂ ਨੂੰ ਗਾਉਂਦਾ
ਉਸ ਵੇਲੇ ਤਕ ਤੁਰਿਆ ਆਵੀਂ,
ਜਦ ਤਕ ਮੈਂ ਸੂਰਜ ਨੂੰ ਫੜ ਕੇ
ਗਾਗਰ ਵਾਂਗੂੰ ਸਿਰ ਤੇ ਧਰ ਕੇ
ਸੁਗਧ ਜਿਹਾ ਹੋ ਖੜ੍ਹ ਨਾ ਜਾਵਾਂ
ਤੇ ਤਲੀਆਂ ਹੇਠਾਂ ਛਿੱਪ ਨਾ ਜਾਵੇ
ਤੇਰਾ ਤੇ ਮੇਰਾ ਪਰਛਾਵਾਂ।

—•—•—

## ਦੋ-ਮੂੰਹੇਂ

**ਦਰਸ਼ਨ ਬੈਂਸ**

ਕਾਲੇ ਨਾਗ ਜ਼ਹਿਰੀਲੇ ਜੋ ਦੋਮੂੰਹੇਂ
ਸਾਡੀ ਜ਼ਿੰਦਗੀ ਦੇ ਉਹ ਨੇ ਚੋਰ ਹੁੰਦੇ
ਇਸੇ ਤਰਾਂ ਮਨੁੱਖ ਵੀ ਦੋਮੂੰਹੇਂ
ਬਾਹਰੋਂ ਹੋਰ ਤੇ ਅੰਦਰੋਂ ਹੋਰ ਹੁੰਦੇ

ਗੱਲਾਂ ਸਦਾ ਹੀ ਉਹ ਗੋਲ ਮੋਲ ਕਰਦੇ
ਫੜਾਂ ਮਾਰਦੇ ਵੱਡੀਆਂ ਭਾਰੀਆਂ ਨੇ
ਜਦੋਂ ਕੁਰਸੀ ਤੇ ਬਹਿਣ ਦਾ ਵਕਤ ਔਂਦਾ
ਭੁੱਲ ਜਾਂਦੇ ਉਹ ਸਭ ਜ਼ਿੰਮੇਵਾਰੀਆਂ ਨੇ

## ਰੋਸ ਕਾਹਦਾ

**ਅਮਰਜੀਤ ਚਾਹਲ**

ਤੁਸੀਂ ਸਮਝ ਲਿਆ ਹੋਣਾ
ਉਹ ਵੀ ਕੋਈ ਜਣਾ ਹੁੰਦਾ ਸੀ
ਹੁਣ ਕਿਧਰੇ
ਪ੍ਰਦੇਸ਼ ਦੀ ਧਰਤੀ ਤੇ
ਮਰ-ਖੱਪ ਗਿਆ ਹੋਣਾ
ਕੀ ਲੋੜ ਪਈ ਹੈ ਖ਼ਤ ਲਿਖਣ ਦੀ।
ਤੁਰ ਗਿਆਂ ਨੂੰ ਕਿਸ ਚਿਠੀਆਂ ਲਿਖੀਆਂ
ਉਨ੍ਹਾਂ ਦਾ ਕੋਈ ਸਰਨਾਵਾਂ ਜੁ ਨਹੀਂ ਹੁੰਦਾ
ਇਹ ਤਾਂ
ਜੀਂਦਿਆਂ ਦੇ ਹੀ ਲਭੇ ਜਾ ਸਕਦੇ ਹਨ।
ਦੋਸਤੋ!
ਕੁਝ ਨਿਸ਼ਾਨ ਹੁੰਦੇ ਹਨ
ਜੋ ਮਿਟਦੇ ਨਹੀਂ
ਕੁਝ ਮਿੱਟ ਕੇ ਵੀ ਅਮਿੱਟ ਰਹਿੰਦੇ ਹਨ
ਕੁਝ ਨਾਤੇ ਹੁੰਦੇ ਹਨ
ਜਿਨ੍ਹਾਂ ਦੀਆਂ ਪੀੜਾਂ
ਜੰਮਣ ਪੀੜਾਂ ਤੋਂ ਵੀ ਅਸਹਿ ਹੁੰਦੀਆਂ ਹਨ।
ਜ਼ਿਹਨ ਵਿਚ ਬੀਜੇ ਪਲ
ਪੁੰਗਰਦੇ ਹਨ।
ਕਲਮ ਉਠਦੀ ਹੈ।
ਜਬਾਬ ਨਹੀਂ ਮੰਗਦਾ।
ਤੁਰ ਗਿਆਂ ਨੂੰ
ਕਿਸ ਚਿਠੀਆਂ ਲਿਖੀਆਂ
ਉਨ੍ਹਾਂ ਦਾ ਸਰਨਾਵਾਂ ਜੁ ਨਹੀਂ ਹੁੰਦਾ
ਇਹ ਤਾਂ, ਜੀਂਦਿਆਂ ਦੇ ਹੀ ਲਭੇ ਜਾ ਸਕਦੇ ਹਨ।
(Squamish, B.C.)

—•—•—

ਇਕ ਵਾਰੀ ਦੀ ਗੱਲ ਹੈ ਸੁਣੋ ਲੋਕੋ!
ਕਿੱਸਾ ਪਿੰਡ ਇਹ ਮੇਰੇ ਆਜ਼ਾਦ ਹੋਇਆ
ਸਾਰਾ ਪਿੰਡ ਦੋਮੂੰਹਿਆਂ ਦੇ ਲੱਗ ਪਿੱਛੇ
ਬੇਘਰ ਹੋਇਆ, ਬਰਬਾਦ ਹੋਇਆ
ਨਾਲੇ ਮਿਲੇ ਖਿਤਾਬ ਸਰਕਾਰ ਵੱਲੋਂ
ਪੁਠਾ ਸਾਰਾ ਹਿਸਾਬ ਕਿਤਾਬ ਹੋਇਆ
ਮਹਿਕ ਲੁੱਟੀ ਜਾਵੇ ਜੀਹਦੀ ਦਿਨ ਦਿੱਟੇ
ਦਿਲ ਵਾਂਗਰਾਂ ਉਸ ਗੁਲਾਬ ਹੋਇਆ।

ਦੱਸਾਂ ਹੋਰ ਕੀ ਇੰਨ੍ਹਾਂ ਸਪੋਲੀਆਂ ਦਾ
ਜੋ ਨਿੱਤ ਲਾਉਂਦੇ ਘਿਓ ਵਿੱਚ ਤਾਰੀਆਂ ਨੇ
ਸਾਡਾ ਹਾਲ ਫਕੀਰਾਂ ਦਾ ਕੀ ਜਾਨਣ
ਜਿੰਨ੍ਹਾਂ ਉੱਤੇ ਮੁਸੀਬਤਾਂ ਭਾਰੀਆਂ ਨੇ।
(Richmond, B.C.)

## ਕਹਿਤ

**ਮਿੱਤਰ ਰਾਸ਼ਾ**

ਘਾ ਖਾ ਕੇ
ਗਾਂ ਦੁੱਧ ਦਿੰਦੀ ਹੈ
ਔਰਤ ਨਹੀਂ

ਭੁੱਖ ਦੀ ਦਬੋਚ 'ਚ
ਮਾਂ ਦਾ ਦੁੱਧ
ਉਤਰੇ ਵੀ ਕਿਵੇਂ?
ਗੋਦ ਵਾਲੇ ਬੱਚੇ ਨੂੰ
ਕੋਈ ਕਿਵੇਂ ਸਮਝਾਏ

ਆਦਮੀ ਦੀ ਕਹਾਣੀ
ਖਾਣ ਨੂੰ ਲਭ ਰਹੇ
ਜਾਨਵਰ ਦੀ ਕਹਾਣੀ
ਪਰ ਭੁਖ ਨਾਲ ਨਿਢਾਲ
ਕਿਵੇਂ ਕਰੇ ਕੋਈ
ਖਾਣੇ ਦੀ ਭਾਲ

ਕਹਿਤ ਦੀ ਕਾਲੀ ਛਾਂ 'ਚ
ਘਿਰਿਆ ਇਕ ਗਰਾਂ
ਚਰਵੜ ਦੀਆਂ ਪੱਤੀਆਂ
ਤੇ ਸਾਖੂ ਦੇ ਬੀਆਂ ਤੇ ਗੁਜ਼ਰਾਨ

ਚੁਲ੍ਹਿਆਂ 'ਚ ਅੱਗ ਨਹੀਂ
ਪਸ਼ੂ ਬਰਤਨ
ਢਿੱਡ ਦੀ ਅੱਗ 'ਚ ਪੈ ਗਏ
ਚਰਵੜ ਦੀਆਂ ਪੱਤੀਆਂ
ਘਾ, ਸਾਖੂ ਦੇ ਬੀਆਂ ਦੀ ਵੀ ਘਾਟ
ਵੇਖਦੇ ਰਹਿਣਗੇ
ਮੁਲਕ ਦੇ ਰਹਿਨੁਮਾ
ਹੁਸਨ ਇਸ਼ਕ
ਸਭ ਜਾਣਗੇ ਪਾਟ

ਘਾ ਖਾ ਕੇ
ਗਾ ਦੁੱਧ ਦਿੰਦੀ ਹੈ
ਔਰਤ ਨਹੀਂ
ਭੁੱਖ ਦੀ ਦਬੋਚ 'ਚ
ਮਾਂ ਦਾ ਦੁਧ
ਉਤਰੇ ਵੀ ਕਿਵੇਂ?
ਗੋਦ ਵਾਲੇ ਬੱਚੇ ਨੂੰ
ਕੋਈ ਕਿਵੇਂ ਸਮਝਾਏ
(OTTAWA, ONTARIO)

# ਸੁਨੇਹਾ

—ਦਰਸ਼ਨ 'ਚਾਹਲ'

ਵਾਏ ਨੀ ਵਾਏ
ਮੇਰੇ ਪਿੰਡਾਂ ਨੂੰ ਜਾਂਦੀਏ ਵਾਏਂ
ਮੇਰੇ ਦੋ ਬੋਲ ਲੈ ਜਾਈਂ
ਮਾਂ ਦੇ ਕੋਲ ਲੈ ਜਾਈਂ
ਇਹ ਏਡੇ ਕੂਲੇ ਤਾਂ ਨਹੀਂ
ਕਿ ਉਸ ਨੂੰ ਦਿਲਾਸਾ ਆ ਜਾਵੇ
ਜਾਂ ਉਹਦੇ ਬੇਰੰਗ ਚਿਹਰੇ 'ਤੇ
ਦੋ ਪਲ ਦਾ ਹਾਸਾ ਆ ਜਾਵੇ
ਅੱਗ ਵਰਗੇ ਹੀ ਸਹੀ
ਇਹਨਾਂ ਬੋਲਾਂ ਨੂੰ
ਮਾਂ ਦੇ ਕੋਲ ਲੈ ਜਾਵੀਂ
ਮਾਂ ਨੂੰ ਕਹੀਂ ਕਿ
ਹੋਰ ਗੱਲਾਂ ਦੇ ਵਾਂਗ
ਮੇਰੇ ਬੋਲਾਂ ਨੂੰ ਵੀ
ਘਰ ਘਰ ਪੁਚਾ ਆਵੀਂ
ਏਥੇ ਵੀ ਜ਼ਿੰਦਗੀ ਹੈ
ਏਥੇ ਸਿਰਫ ਕੰਧਾਂ ਹੀ ਨਹੀਂ ਹਨ
ਉਨ੍ਹਾਂ ਦੀ ਕੱਲੀ ਕੱਲੀ ਇੱਟ ਦਾ ਇਤਿਹਾਸ ਵੀ
ਲੋਕ ਤਾਂ ਏਥੇ ਵੀ ਗਾਉਂਦੇ ਨੇ
ਤੇ ਸਾਰੀ ਸਾਰੀ ਰਾਤ ਗਾਉਂਦੇ ਨੇ
ਦੁੱਖਾਂ ਨੂੰ ਹੰਢਾਉਂਦੇ ਨੇ
ਕਦੇ ਹੱਸਦੇ ਕਦੇ ਰੋਂਦੇ
ਲੋਕ ਤਾਂ ਏਥੇ ਵੀ ਜਿਉਂਦੇ ਨੇ
ਭਾਵੇਂ ਕਰ ਦਿਤਾ ਗਿਆ ਏ
ਸਾਨੂੰ ਆਪਣੇ ਵਤਨ ਵਿਚ ਹੀ ਜਲਾਵਤਨ
ਤੇ ਕਰ ਦਿਤਾ ਹੈ
ਸਾਡੀਆਂ ਸੱਧਰਾਂ ਦਾ ਖ਼ੂਨ
ਪਰ ਮੇਰੀ ਆਵਾਜ਼ ਨੂੰ ਕੁਝ ਵੀ ਨਹੀਂ ਹੋਇਆ
ਇਹ ਤਾਂ ਅਜੇ ਵੀ ਕੰਧਾਂ ਤੋਂ ਪਾਰ ਜਾਂਦੀ ਏ
ਇਹ ਕੋਈ ਅਨਹੋਣੀ ਨਹੀਂ
ਕਿੰਨੀ ਵਾਰ ਅਸੀਂ
ਚਰਖੜੀਆਂ ਤੇ ਚੜ੍ਹੇ
ਦੇਗਾਂ 'ਚ ਸੜੇ
ਤੂੰਬਾ ਤੂੰਬਾ ਉਡਾਏ ਗਏ
ਫਾਂਸੀਆਂ ਤੇ ਚੜ੍ਹੇ
ਮੁਕਾਬਲਿਆਂ ਦੀਆਂ ਕਹਾਣੀਆਂ ਦੇ ਪਾਤਰ ਬਣੇ
ਤੇ...ਅਜੇ ਤਾਂ ਪਤਾ ਨਹੀਂ
ਹੈ ਕਿੰਨਾ ਲੰਬਾ ਇਹ ਸਿਲਸਿਲਾ
ਪਰ ਆਸ਼ਕੀ ਤੇ ਸੂਲੀ ਦਾ
ਰਿਸ਼ਤਾ ਵੀ ਜੁੱਗਾਂ ਪੁਰਾਣਾ ਹੈ
ਪਰ ਸਮਾਂ ਬੜਾ ਬੇਤਰਸ ਹੁੰਦਾ ਹੈ
ਅਜ ਦੇ ਹਾਕਮ
ਕਲ੍ਹ ਦੇ ਮੁਜਰਮ ਹੋਣਗੇ
ਡੁੱਲ੍ਹੇ ਹੋਏ ਤੁਪਕਾ ਤੁਪਕਾ ਖ਼ੂਨ ਦਾ
ਕਰਿਆ ਜਾਵੇਗਾ ਹਿਸਾਬ
ਤਾਜਾਂ ਵਾਲੇ ਸਿਰ
ਸਦਾ ਸਲਾਮਤ ਨਹੀਂ ਹੁੰਦੇ
ਇਹਨਾਂ ਸਿਰਾਂ ਦਾ ਅੰਤ
ਲੋਕਾਂ ਦੇ ਠੁਡਿਆਂ 'ਨਾ ਹੁੰਦਾ ਹੈ
ਹਾਂ ਸੱਚ!
ਮਾਂ ਨੂੰ ਕਹੀਂ
ਏਥੇ ਸਭ ਖੈਰੀਅਤ ਹੈ
ਗ਼ਮਗੀਨ ਨਾ ਹੋਵੇ
ਸਾਡੇ ਹਾਸੇ ਸਾਡੇ ਬੋਲ
ਸਲਾਮਤ ਨੇ
ਇਹ ਕਿਸੇ ਦੇ ਕੈਦੀ ਨਹੀਂ ਹਨ—

• •

# ਗ਼ਜ਼ਲ

**ਕੁਲਵੰਤ ਜਗਰਾਉਂ**

ਸਰਨਾ ਨਹੀਂ ਤਕਦੀਰ ਨੂੰ ਆਪੇ ਘੜੇ ਬਗੈਰ।
ਜਿਤਿਆ ਨਾ ਜਾਣਾ ਬਦੀ ਨੂੰ ਮਿਲਕੇ ਲੜੇ ਬਗੈਰ।
ਮਿੱਟੀ ਦੇ ਦੀਵਿਆਂ ਨੇ ਕੀ ਕਰਨਾ ਹੈ ਚਾਨਣਾ,
ਮੁਕਣਾ ਨਹੀਂ ਹਨੇਰ ਨੇ ਸੂਰਜ ਚੜ੍ਹੇ ਬਗੈਰ।
ਬੈਠ ਕੇ ਕੰਢੇ ਤੇ ਕੀ ਹੋ ਸੋਚਦੇ ਤੁਸੀਂ,
ਮਿਲਦੀ ਨਹੀਂ ਮੰਜ਼ਿਲ ਕਦੇ ਦਰਿਆ ਤਰੇ ਬਗੈਰ।
ਅੱਗ ਵਾਂਗ ਤਪਦੀ ਧਰਤ ਨੂੰ ਕਿਣਮਿਣ ਕੀ ਠਾਰਨੈਂ,
ਮੁਕਦੀ ਨਹੀਂ ਹੈ ਔੜ ਇਹ ਖੁਲ੍ਹਕੇ ਵਰ੍ਹੇ ਬਗੈਰ।
ਅਮਲਾਂ ਤੋਂ ਕੋਰੀ ਸੋਚ ਨੇ ਕੀਤਾ ਹੈ ਕੀ ਇਲਾਜ,
ਲੋਕਾਂ ਦੀ ਮੁਕਣੀ ਪੀੜ ਨਾ ਪੀੜਾਂ ਜਰੇ ਬਗੈਰ।
ਸੂਝ ਕੁਰਬਾਨੀ ਸਿਰੜ ਲੋਕਾਂ ਦੀ ਦੋਸਤੀ,
ਬਦਲਦਾ ਇਤਿਹਾਸ ਨਾ ਇਹ ਕੁਝ ਕਰੇ ਬਗੈਰ।
ਸੂਰਜ ਸਿਤਾਰੇ ਚੰਦ ਸਭ ਵੰਡਦੇ ਨੇ ਰੋਸ਼ਨੀ,
ਹੁੰਦੀ ਨਾ ਪੂਰੀ ਰੋਸ਼ਨੀ ਪਰ ਦਿਲ ਜਲੇ ਬਗੈਰ।
ਚਾਰਾ ਨਾ ਚਲੇ ਹੋਰ ਜਦ ਗੋਬਿੰਦ ਸੀ ਆਖਿਆ,
ਸਰਦਾ ਨਹੀਂ ਸ਼ਮਸ਼ੀਰ ਨੂੰ ਹਥ ਵਿਚ ਫੜੇ ਬਗੈਰ।

•

# ਬਿਰਛ 'ਤੇ ਜਦ ਸੀ ਪੈਂਦੀ ਰਾਤ

**ਵਰਿਆਮ ਅਸਰ**

ਬਿਰਛ 'ਤੇ ਜਦ ਸੀਂ ਪੈਂਦੀ ਰਾਤ—
ਗੱਲਾਂ ਕਰਦੇ ਮੋਰ :
ਲੋਕੀਂ ਚੋਰ,
ਆਪੇ ਘਰ ਨੂੰ ਲਾਉਂਦੇ ਸੰਨ੍ਹ
ਆਪੇ ਪਾਉਂਦੇ ਸ਼ੋਰ।
ਬਾਹਰ ਬਾਜ਼ਾਰੀਂ ਵਿਕਦੀ ਅੱਗ,
ਸਿਰੋਂ ਵਗੇ ਜਿਸਮਾਂ ਦੀ ਝੱਗ,
ਪੈਰਾਂ ਦੇ ਵਿਚ ਗੁੰਝਲ ਖਾ ਗਈ ਪੱਗ,
ਨਾ ਮੂੰਹ ਦਾਹੜੀ, ਨਾ ਮੂੰਹ ਨੱਕ,
ਵਿਚ ਜਵਾਨੀ ਕੁੱਬੇ ਲਕ
ਅੰਦਰ ਤੋਤਾ ਬੋਲ ਰਿਹਾ
ਪੈਰਾਂ ਹੇਠਾਂ ਠਾਠਾਂ ਮਾਰੇ ਦਰਿਆ ਦਰਿਆ,
ਹਾਲ ਹੈ ਮੰਦਾ
ਕਈ ਰੰਗਾਂ ਦੀ ਨ੍ਹੇਰੀ ਦੇ ਵਿਚ ਬੰਦਾ
ਟੋਟੇ ਟੋਟੇ ਹੋ ਕੇ ਉਡਦਾ।
ਜੰਗਲ ਵਿਚ ਗਵਾਚਾ ਜੋਗੀ ਗੋਰਖ ਨਾਥ,
ਮਾਂ ਇੱਛਰਾਂ ਦਾ ਪੁੱਤਰ 'ਪੂਰਨ'
'ਵਾਜਾਂ ਮਾਰੇ ਸੁੰਦਰਾਂ ਨੂੰ,
ਇਕ ਮੂੰਹ ਉਤੇ ਕਈ ਤਰ੍ਹਾਂ ਦੇ
ਚਾੜ੍ਹ ਲਏ ਲੋਕਾਂ ਨੇ ਮੂੰਹ।
ਜਿਥੇ ਲੋੜ ਹੈ ਪੁਲ ਦੀ—ਦਿਸਦਾ ਖੂਹ।
ਜਿਥੇ ਖੂਹ ਦੀ ਲੋੜ—ਓਥੇ ਰੱਕੜ।
ਲੋਹੇ ਨੂੰ ਖਾ ਰਹੀ ਹੈ ਲੱਕੜ।
ਬਿਰਛ 'ਤੇ ਜਦ ਸੀ ਪੈਂਦੀ ਰਾਤ
ਗੱਲਾਂ ਕਰਦੇ ਮੋਰ।

• •

## ਦੋ ਗ਼ਜ਼ਲਾਂ

ਪ੍ਰੋ: ਦੀਦਾਰ

•

ਅਸੀਂ ਜਿਨ੍ਹਾਂ ਨੂੰ ਪਿਆਰ ਕੀਤਾ ਹਾਣੀਆਂ ਦੇ ਵਾਂਗ।
ਸਾਡੇ ਕੋਲੋਂ ਹੀ ਉਹ ਲੰਘੇ ਅੱਜ ਪਾਂਧੀਆਂ ਦੇ ਵਾਂਗ।
ਤੁਰੇ ਜਾਂਦੇ ਰਾਹੀਆਂ ਕੋਲੋਂ ਗੱਲਾਂ ਸੁਣੀਆਂ ਸੀ ਜੋ,
ਸਾਨੂੰ ਜਾਪੀਆਂ ਉਹ ਸਾਰੀਆਂ ਕਹਾਣੀਆਂ ਦੇ ਵਾਂਗ।
ਹੰਝੂ ਅੱਖੀਆਂ 'ਚੋਂ ਤੁਰੇ ਜਿਵੇਂ ਮੱਖਣਾਂ ਦੇ ਪੇੜੇ,
ਪੀੜਾਂ ਸੀਨੇ ਵਿੱਚ ਘੁੰਮੀਆਂ ਮਧਾਣੀਆਂ ਦੇ ਵਾਂਗ।
ਕੁਲਫ਼ ਗੋਲੀਆਂ ਵਾਂਗ ਪਹਿਲ-ਪੂਣੀ ਹੋਈਆਂ ਆਸਾਂ,
ਆਹਾਂ ਬੁੱਲ੍ਹਾਂ ਉੱਤੇ ਬੈਠੀਆਂ ਨੇ ਰਾਣੀਆਂ ਦੇ ਵਾਂਗ।
ਤੂੰ ਵੀ ਸੋਚ ਕੇ ਦੀਦਾਰ ਕਰੀਂ ਦਿਲ ਦਾ ਵਪਾਰ,
ਗੱਲਾਂ ਕਰਦੇ ਨੇ ਲੋਕ ਹਟਵਾਣੀਆਂ ਦੇ ਵਾਂਗ।

•

ਉਂਜ ਤਾਂ ਤੇਰੇ ਦੇਸ 'ਚ ਜਾਣਾ ਵਰਗੇ ਲੱਖ ਰਹਿਆ।
ਦੱਸ ਕੋਈ ਐਸਾ ਜਿਹੜਾ ਦੇਵੇ ਦਿਲ ਦੀ ਪਿਆਸ ਬੁਝਾ।
ਅੱਜ ਫਿਰ ਸੋਣ੍ਹ ਘਟਾਵਾਂ ਚੜ੍ਹੀਆਂ ਅੱਜ ਫਿਰ ਪੈਣਾ ਮੀਂਹ,
ਅੱਜ ਫਿਰ ਮੇਰੀ ਸੋਚ ਨੂੰ ਹੋਣਾ ਪੀੜਾਂ ਦਾ ਪਥਰਾ।
ਇਹ ਥਲ ਸੱਜਣਾਂ ਜਿਥੇ ਅੱਜਕਲ ਭੁੱਜ ਭੁੱਜ ਪੈਂਦੀ ਰੇਤ,
ਸੁਣਿਐ, ਏਥੇ ਕੁਝ ਦਿਨ ਪਹਿਲਾਂ ਵਗਦਾ ਸੀ ਦਰਿਆ।
ਅੱਗੇ ਮੇਰੇ ਪਿੰਡ ਨੂੰ ਆਂਦੇ ਸਨ ਘੁੱਗੀਆਂ ਦੇ ਜੋੜੇ,
ਹੁਣ ਪਿੰਡ ਤੇ ਹੈ ਉਤਰ ਆਇਆ ਟੋਲਾ ਗਿਰਝਾਂ ਦਾ।
ਕੂਲੇ ਕੂਲੇ ਸ਼ਬਦ ਅਸਾਂ ਨੂੰ ਹੁਣ ਨਹੀਂ ਆਉਂਦੇ ਰਾਸ,
ਹੁਣ ਦਿਲ ਕਰਦਾ ਫੁੱਲਾਂ ਉੱਤੇ ਰਖ ਦਈਏ ਪਥਰਾ।
ਐ ਦੀਦਾਰ ਤੂੰ ਇਸ ਜੀਵਨ 'ਚੋਂ ਘੜ ਕੋਈ ਹਥਿਆਰ,
ਐਵੇਂ ਨਾ ਹੁਣ ਇਸ ਜੀਣੇ ਦੇ ਛਿੜੀਆਂ ਮੋਰ ਬਣਾ।

*

## ਇਕ ਉਦਾਸ ਸ਼ਾਮ

ਗੁਰਭਜਨ ਗਿੱਲ

ਸ਼ਾਮ ਉਦਾਸ ਹੈ ਜਾਣੋ,
ਹਾਉਕਾ ਨਾ ਭਰੋ
ਧੁੱਪ ਦਾ ਦਰਦ ਆਇਐ ਦਹਿਲੀਜ਼ੇ
ਇਹਨੂੰ ਸੱਦੋ ਤੇ ਜਰੋ।
ਜੇ ਨਹੀਂ ਕੁਝ ਵੀ ਕਰਨਾ,
ਨਾ ਸਹੀ,
ਜੋ ਕਰਨਾ ਹੈ, ਨਾ ਟਾਲੋ,
ਉਹ ਹੀ ਕਰੋ।
ਇਹ ਮੌਕਾ ਪੀੜ ਪਰੁੰਨਿਆ ਫੇਰ ਨਹੀਂ ਆਉਣਾ,
ਕਿਸੇ ਦਰਿਆ ਦੇ ਕੰਢੇ, ਭੋਂਕ ਜਾਂ ਬੀਆਬਾਨ 'ਚ ਰਾਤੀਂ
ਜੋ ਅਣਹੋਣੀ ਨੇ ਹੋਣਾ ਹੈ,
ਮੇਰੇ ਕਾਤਿਲ ਜੀ, ਆਉ, ਉਹ ਕਰੋ।
ਰਹੀ ਜੇ ਲਾਟ ਤਾਂ ਦੱਸਾਂਗੇ ਜੁਗਨੂੰ ਨੂੰ
ਬਿਨਾ ਅੱਗ ਤੋਂ ਭੁਲੇਖਾ ਜੱਗ ਨੂੰ
ਪਾਉਣੇ ਦੀ ਕੋਸ਼ਿਸ਼ ਤਾਂ ਨਾ ਕਰੋ
ਪਰਤ ਜਾਉ, ਨਾ ਆਉ ਨਾਲ ਮੇਰੇ,
ਨਹੀਂ ਇਕਰਾਰ ਤਾਂ ਇਨਕਾਰ ਕਰੋ।
ਜੇ ਮੰਨਦੇ ਹੋ
ਤੁਰਨ ਨੂੰ ਜੀਅ ਨਹੀਂ ਕਰਦਾ
ਤਾਂ ਧੀਆਰੋ - ਕਿਸੇ ਹੀ ਤੁਰਨ ਵਾਲੇ ਦਾ,
ਕਦੇ ਸਤਿਕਾਰ ਕਰੋ
ਉਦਾਸ ਸ਼ਾਮ ਹੈ ਜਾਣੋ, ਹਾਉਕਾ ਨਾ ਭਰੋ।
ਧੁੱਪ ਦਾ ਦਰਦ ਆਇਐ ਦਹਿਲੀਜ਼ੇ
ਇਹਨੂੰ ਸੱਦੋ ਤੇ ਜਰੋ।

* (ਲੁਧਿਆਣਾ)

## ਚਾਰ ਕਵਿਤਾਵਾਂ / ਹਮਦਰਦਵੀਰ ਨੌਸ਼ਹਿਰਵੀ

• ਸੰਸਦ

ਚੜ੍ਹਦੇ ਸੂਰਜ ਵਿਚ, ਰੇਤ ਦੇ ਰੱਸੇ ਨੂੰ
ਵੱਖ ਵੱਖ ਦਿਸ਼ਾਵਾਂ ਵੱਲ ਖਿੱਚ ਰਹੇ
ਵੱਖ ਵੱਖ ਰੰਗਾਂ ਦੇ ਨੁਮਾਇੰਦੇ।

• ਪੰਜ ਸਾਲਾ ਪਲਾਨ

ਇਕ ਫਟਿਆ ਹੋਇਆ ਵਾਲੀਬਾਲ
ਮਹਾਂ-ਅਧਿਕਾਰੀ ਖੇਡ ਰਹੇ
ਨੈੱਟ ਦੇ ਹੇਠਾਂ ਗਰੀਬ ਖਲੋਏ ਵੇਖ ਰਹੇ।

• ਗੋਲੀ

ਗੋਲੀ ਉੱਤੇ ਦਵਾਈ ਦਾ ਲੇਬਲ ਵੀ ਲੱਗਾ ਹੋ ਸਕਦਾ ਹੈ
ਅਤੇ ਬਾਰੂਦ ਦਾ ਵੀ
ਮੌਤ ਦੋਵੇਂ ਪਾਸੇ ਯਕੀਨੀ ਹੈ

• ਸੁਦੇਸ਼ੀ ਐਟਮ

'ਸਿੱਟਾ ਹੈ —
ਨਿਰੋਲ ਸਾਡੀ ਆਪਣੀ ਕੋਸ਼ਿਸ਼ ਦਾ
ਸਾਡੇ ਆਪਣੇ ਦੇਸ਼ੋਂ ਹੋਏ ਪਦਾਰਥਾਂ ਦਾ
ਇਹ ਸਫ਼ਲ ਪ੍ਰਮਾਣੂ ਤਜਰਬਾ'
'ਪਰ
'ਤੁਹਾਡੀ' ਟਾਈ —
ਤੁਹਾਡੇ ਬੂਟਾਂ ਦੇ ਤਸਮੇ ਤਾਂ ਬਦੇਸ਼ੀ ਹਨ।'

* (ਸਮਰਾਲਾ)

## ਇਕ ਖ਼ਤ

### (ਰਾਮਪੁਰੀਆਂ ਦੇ ਨਾਂ)

**ਦਲਜਿੰਦਰ**

ਤੋਂ ਜਾ ਕੇ ਮੈਨੂੰ ਖ਼ਤ ਨਹੀਂ ਲਿਖਿਆ
ਪਰ ਮੈਂ ਤੈਨੂੰ ਖ਼ਤ ਲਿਖ ਰਿਹਾ ਹਾਂ—
ਮੇਰੇ ਬੇਸ਼ਰਮਪੁਣੇ ਨੂੰ ਮੁਆਫ਼
ਕਰ ਦੇਵੀਂ
ਤੇਰੇ 747 ਵਿਚ ਬੈਠਣ ਤੋਂ
ਬਾਦ ਹੀ ਮੈਂ ਸਮਝ ਗਿਆ ਸੀ
ਕਿ ਇਕ ਹੋਰ ਦੋਸਤੀ ਨੇ
ਸਿਸਕ ਕੇ ਦਮ ਤੋੜ ਦਿਤਾ ਹੈ
ਤੇਰੇ ਯਾਦ ਆਇਆ
ਕਦੇ ਲਪਾਣਾ ਟੋਭਾ
ਜਿਥੇ ਪੀਰਖਾਨਾ ਉਤੇ ਮੇਲਾ
ਲਗਦਾ
ਟੋਭਾ ਹੁਣ ਅਕਸਰ ਸੁਕਾ ਰਹਿੰਦਾ ਹੈ
ਤੇ ਮੇਲਾ ਵੀ ਹੁਣ ਭਰਦਾ ਨਹੀਂ
ਪਿੰਡ ਦੇ ਦਰਵਾਜ਼ੇ ਚੁਗਲੀਆਂ ਹੁਣ
ਵੀ ਖੁੰਢ ਉਤੇ ਬੈਠਦੀਆਂ ਹਨ
ਤੇ ਜ਼ਿਕਰ ਹੁੰਦਾ ਹੈ—
ਜਵਾਨ ਹੋ ਰਹੀ ਕੁੜੀ ਤੋਂ ਬੁਢੀ
'ਬਚਨੋ' ਤਕ ਦਾ
ਪਿੰਡ ਦੀਆਂ ਕੰਧਾਂ ਉਤੇ
ਕੁੜੀਆਂ ਤੇ ਮੁੰਡਿਆਂ ਦੇ ਸਾਂਝੇ
ਨਾਉਂ ਪ੍ਰਾਈਮਰੀ ਸਕੂਲ ਦੇ ਜੁਆਕ
ਹੈਰਾਨੀ ਨਾਲ ਪੜ੍ਹਦੇ ਹਨ
ਤੈਥੋਂ ਬਾਦ ਹਾਦਸੇ ਕਈ ਹੋਏ ਹਨ
ਗੱਲੀਆਂ ਵੇਚਣ ਵਾਲਾ 'ਕਰੋੜਾ'
ਪੁਲਸ ਨੇ ਕੁਟ ਕੇ ਮਾਰ ਦਿਤਾ ਸੀ
ਤੇ ਸਾਰਾ ਪਿੰਡ ਚੁਪ ਰਿਹਾ
ਐਮਰਜੈਂਸੀ ਦੇ ਦੌਰਾਨ ਪਿੰਡ 'ਚ
ਫ਼ੀਮ ਆਮ ਮਿਲਦੀ ਸੀ
ਹੁਣ ਕੁਝ ਘਟ ਗਈ ਹੈ
ਬਾਬੇ ਹੌਸ਼ਿਆਰੇ ਕੇ ਪਾਸੇ
ਦੀ ਇਕ ਬਹੁਤ ਸੁਹਣੀ
ਕੁੜੀ ਦਾ ਵਿਆਹ
ਇਕ ਝੁਡੂ ਜਹੇ ਨਾਲ ਹੋ ਗਿਆ ਸੀ
ਉਹ ਝੁਡੂ ਬਹੁਤ ਖੁਸ਼ ਹੈ
ਤੇ ਕੁੜੀ ਹੁਣ ਪੀਲੀ ਜ਼ਰਦ
ਹੋਰ ਪਿੰਡ 'ਚ ਉਸ ਤਰ੍ਹਾਂ ਦੇ
ਹੀ ਰੌਲੇ ਹਨ
ਮਸਲਨ 'ਜੀਤੇ ਸਤਿਗੁਰ' ਨੇ
'ਬੂਰੀ' ਹੁਣਾਂ ਨਾਲ ਸਾਂਝੀ ਕੰਧ
ਨਹੀਂ ਕੀਤੀ
'ਰਾਮ ਦਿਆਲ' ਕੇ ਖੂਹ ਦੀ
ਪਹੀ 'ਕਾਕੂ ਕਿਆਂ' ਨੇ ਵਾਹ ਲਈ ਸੀ
ਸਵੇਰ ਆਲਾ ਲੁਧਿਆਣਾ ਦਾ
ਬਸ ਅ'ਲਾ ਟੈਮ ਪੂਰਾ
ਭਰਿਆ ਜਾਂਦਾ ਹੈ
ਹਾਂ ਸਚ ! ਗੁਰਦੁਆਰੇ ਦਾ
ਫੈਸਲਾ ਹੋ ਗਿਆ ਹੈ
ਸੁਣਿਆਂ ਇਧਰ ਵੀ ਗੁਰਦੁਆਰਿਆਂ
'ਚ ਰੌਲੇ ਪੈਂਦੇ ਨੇ—
ਪਿੰਡ ਦੇ ਸਾਰੇ ਬਜ਼ੁਰਗਾਂ ਦੇ
ਗੋਡੇ ਦੁਖਦੇ ਹਨ—
'ਤਾਇਆ ਰਾਈਸ' ਕਹਿੰਦਾ,
'ਨਹਿਰ ਕਰ ਕੇ ਪਿੰਡ ਦਾ ਪਾਣੀ
ਵੈਅ ਆਲਾ ਹੈ ।'
ਤੇ ਮਾਈਆਂ ਸੰਤਾਂ ਦੇ ਲਗਾਤਾਰ ਜਾਂਦੀਆਂ ਹਨ
'ਕੇਹਰੇ ਦੀ 'ਲਛਮੀ' ਕਿਤੇ
ਉਧਲ ਗਈ ਹੈ—
ਯੂ. ਪੀ. ਜਾ ਵੜੀ ਹੈ ਜਾਂ ਕਿਤੇ ਹੋਰ
ਕਨੇਡਾ 'ਚ ਰਹਿੰਦੇ ਮੁੰਡਿਆਂ ਦੇ
ਘਰਦਿਆਂ ਨੇ—
ਰੋਟੀ ਨੂੰ 'ਖਾਣਾ' ਆਖਣਾ ਸ਼ੁਰੂ
ਕਰ ਦਿਤਾ ਹੈ
ਤੇ ਘਰ ਛੇਤੀ ਛੇਤੀ ਕੋਠੀਆਂ
ਬਣਦੇ ਜਾ ਰਹੇ ਹਨ
ਉਨ੍ਹਾਂ ਦੇ ਛੋਟੇ ਭਰਾਵਾਂ ਨੇ
ਫ਼ਾਰਨ ਕਰੰਸੀ ਨਾਲ ਸਕੂਟਰ
ਲੈ ਲਏ ਹਨ
ਉਹਨਾਂ ਦੀਆਂ ਕਾਲਜ ਪੜ੍ਹਦੀਆਂ ਭੈਣਾਂ ਨੇ—
ਅਗਰੇਜ਼ੀ ਸਿਖਣੀ ਸ਼ੁਰੂ ਕਰ ਦਿਤੀ ਹੈ
ਉਹ ਜਾਂ ਤਾਂ 'ਜੇਮਜ਼ ਹੈਡਲੇ ਚੇਜ਼'
ਪੜ੍ਹਦੀਆਂ ਨੇ ਜਾਂ 'ਨਿਕ ਕਾਰਟਰ'
ਉਹਨਾਂ ਨੂੰ ਪਤਾ ਹੀ ਨਹੀਂ
ਕੋਈ ਗੋਰਕੀ ਵੀ ਸੀ
ਜਾਂ ਜੈਕ ਲੰਡਨ—
ਮੈਂ ਅਕਸਰ ਨਹਿਰ ਦੇ ਪੁਲ ਉਤੇ
ਸੀਪ ਖੇਡਦਾ ਹਾਂ—
ਜਾਂ ਹਜ਼ਾਰਾਂ ਰੰਗ ਵਰਗੇ ਝੱਗ
ਦੇ ਫੰਭਿਆਂ ਨੂੰ ਤਰਦਾ ਦੇਖਦਾ ਰਹਿਨਾ—
ਹੁਣ ਤਾਂ ਯਾਰਾ ਮੈਨੂੰ
ਆਪਣੇ ਪਿੰਡ ਚੋਂ
ਸ਼ਹਿਰ ਵਰਗੀ ਬੋਅ
ਆਉਂਦੀ ਹੈ
ਮੈਥੋਂ ਇਹ ਬਰਦਾਸ਼ਤ ਨਹੀਂ ਹੁੰਦਾ—
ਜਿਵੇਂ 'ਅਮਰੀਕਾ' ਤੋਂ ਦਿਨ—
ਦਿਆੜੇ 'ਚਿਲੀ' ਨੂੰ ਕਮਿਉਨਿਸਟ
ਹੁੰਦਾ ਦੇਖਿਆ ਨਹੀਂ ਸੀ
ਜਾਂਦਾ—

●●

## ਚਮਚਿਆਂ ਦੀ ਕਥਾ

**ਪ੍ਰੀਤਮ ਸਿੰਘ ਰਾਹੀ**

ਅਸੀਂ ਤਾਂ ਚੜ੍ਹਦੇ ਸੂਰਜ ਨੂੰ ਹੀ ਸਲਾਮ ਕਰਨੀ ਹੈ
ਸੂਰਜ ਭਾਵੇਂ ਕਿਸੇ ਵੀ ਗੁਠੋਂ ਉੱਗੇ
ਸੂਰਜ ਭਾਵੇਂ ਕਿਸੇ ਭੀ ਗੁਠ ਵਿਚ ਗ਼ਰੂਬ ਹੋ ਜਾਵੇ
ਅਸੀਂ ਇਸ ਤੋਂ ਕੀ ਲੈਣਾ ਹੈ...
ਤੁਸੀਂ ਜੋ ਅਣਖ ਦੀ ਖ਼ਾਤਰ
ਲਹੂ ਡੋਲ੍ਹਦੇ ਹੋ
ਇਤਿਹਾਸ ਦੇ ਕਿਸੇ ਪੰਨੇ 'ਤੇ
ਤੁਹਾਡਾ ਨਾਂ ਨਹੀਂ ਹੋਣਾ
ਤੁਹਾਡੀ ਮੌਤ ਦੇ ਪਿਛੋਂ
ਕਿਸੇ ਨੇ ਅੱਖ ਭਰਕੇ ਨਹੀਂ ਰੋਣਾ...
ਤੁਸੀਂ ਜੋ ਸੁਖ ਦੀ ਨੀਂਦ ਵੀ ਨਹੀਂ ਸੌਂਦੇ
ਪਤਾ ਨਹੀਂ ਸੁਪਨਿਆਂ ਦੀ ਗਲ ਕਿਵੇਂ ਕਰਦੇ ਹੋ
ਉਨ੍ਹਾਂ ਤੋਂ ਹਾੜ੍ਹਾ ਕਢਣ ਵੀ ਨਹੀਂ ਜੁੜਨਾ
ਜਿੰਨਾਂ ਖ਼ਾਤਰ ਤੁਸੀਂ ਜੀਂਦੇ ਤੇ ਮਰਦੇ ਹੋ
ਅਣ-ਕਿਆਸੇ ਜ਼ੁਲਮ ਸਹਿੰਦੇ ਹੋ
ਅਣ-ਮਨੁਖੀ ਤਸੀਹੇ ਜਰਦੇ ਹੋ
ਤੁਸੀਂ ਜਿਸ ਪੰਧ ਤੇ ਤੁਰੇ ਹੋ
ਉਸਦੀ ਕੋਈ ਮੰਜ਼ਲ ਨਹੀਂ
ਇਸ ਸੁਦਾਅ ਨੂੰ ਛਡੋ
ਸਾਡੇ ਨਾਲ ਆਓ
ਇਸ ਪਾਸੇ ਕੋਈ ਚਿੰਤਾ ਨਹੀਂ
ਕੋਈ ਗ਼ਮ ਨਹੀਂ
ਸੁਖ ਹੀ ਸੁਖ ਹੈ...

ਬਰਨਾਲਾ (ਪੰਜਾਬ)

# ਦਿੱਲੀ ਦਾ ਰੰਗ

—ਮਿੰਦਰਪਾਲ ਭੱਠਲ

(ਗੁਰੁ ਗੋਬਿੰਦ ਸਿੰਘ ਦੇ ਨਾਂ)

ਫਿੱਕਾ ਰਹੇ ਕਿਉਂ ਅਨੰਦਪੁਰ ਦਾ ਰੰਗ
ਜਦੋਂ ਦਿੱਲੀ ਦਾ ਰੰਗ ਉਹੀ ਹੈ
ਉਹੀ ਹੈ ਅਜੇ ਤੱਕ ਜ਼ੁਲਮ ਦਾ ਰੰਗ
ਉਹੀ ਹੈ ਜਾਲਮ ਦੀ ਤਲਵਾਰ ਦਾ ਰੰਗ
ਉਹੀ ਹੈ ਤਲਵਾਰ ਤੇ ਲੱਗੇ ਖ਼ੂਨ ਦਾ ਰੰਗ
ਗੱਲ ਕੀ ਸਮੁੱਚੀ ਦਿੱਲੀ ਦਾ ਰੰਗ ਉਹੀ ਹੈ......
ਹਿਮਾਲਾ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ
ਪਸਰ ਗਿਆ ਹੈ ਸਰਹੰਦ ਦਾ ਖੇਤਰਫਲ
ਕਲਕੱਤੇ ਤੋਂ ਮੋਗੇ ਤੱਕ ਕੰਧਾਂ ਹੀ ਕੰਧਾਂ ਨੇ
—ਅਣਗਿਣਤ ਕੰਧਾਂ
ਕੰਧਾਂ—ਕਿ ਜਿਨ੍ਹਾਂ 'ਚ ਬੰਦ ਨੇ ਚਿੜੀਆਂ ਦੇ ਹੱਕ
ਕੰਧਾਂ—ਕਿ ਜਿਨ੍ਹਾਂ ਦੀਆਂ ਨੀਹਾਂ 'ਚ ਚਿਣੇ ਜਾਂਦੇ ਨੇ
ਸਾਹਿਬਜ਼ਾਦੇ ਹਰ ਰੋਜ਼—
ਬੌਲੇ ਹੋ ਗਏ ਨੇ ਮਾਛੀਵਾੜੇ ਦੇ ਰੁੱਖ
ਬਕਤਰ ਬੰਦ ਗੱਡੀਆਂ ਦੀ ਗੂੰਜ ਦੇ ਨਾਲ
ਜ਼ਫ਼ਰਨਾਮਿਆਂ ਦੇ ਲੇਖਕ ਪਲ ਰਹੇ ਨੇ
'ਸਕਿਉਰਟੀ ਐਕਟ' ਦੀ ਗੋਦੀ ਵਿਚ
ਹੁਣ ਉਨ੍ਹਾਂ ਦੇ ਜਿਸਮ ਤੇ ਸੂਲਾਂ ਨਹੀਂ
ਤੱਤੇ ਸਰੀਏ ਖੁਭਦੇ ਨੇ
ਪਰ ਜ਼ੁਲਮ ਨਾਲ ਜੁੜੇ ਹੱਥ ਕਦੋਂ ਟਿਕਦੇ ਨੇ
ਦਾਅ ਲੱਗਦਾ ਹੈ...ਜੇਲ੍ਹ ਦੀਆਂ ਕੰਧਾਂ ਤੇ ਲਿਖਦੇ ਨੇ
'ਸੂਲ ਸੁਰਾਹੀ ਖੰਜਰ ਪਿਆਲਾ
ਵਿੰਗ ਕਸਾਈਆਂ ਦਾ ਸਹਿਣਾ
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ'
ਪਰ ਨੀਲੇ ਕਪੜਿਆਂ 'ਚ ਕੈਦ
ਖਾਲਸੇ ਦਾ ਰੰਗ ਬਿਲਕੁੱਲ ਉੱਡ ਪੁੱਡ ਚੁੱਕਾ ਹੈ
ਚਿੜੀਆਂ ਨੂੰ ਬਾਜਾਂ ਨਾਲ ਲੜਾਉਣ ਦੀ ਥਾਂ
ਲੜਾਉਂਦੇ ਨੇ ਉਹ ਮੱਖੀਆਂ ਨੂੰ ਮੱਛਰਾਂ ਦੇ ਨਾਲ
ਚਮਕੌਰ ਦੀ ਗੜ੍ਹੀ ਹੈ ਉਨ੍ਹਾਂ ਲਈ
ਗੁਰਦੁਆਰੇ ਦਾ ਲੰਗਰ

ਜੇ ਉਨ੍ਹਾਂ ਕਦੀ ਕੋਈ ਸੁਭ ਕਰਮਣ ਕੀਤਾ ਹੈ
ਬੱਸ ਸੁੱਖਾ ਘੋਟ ਕੇ ਪੀਤਾ ਹੈ
ਜੇ ਕਦੇ ਉਹ ਤੇਰੀ ਗਲੀ ਆਉਂਦੇ ਨੇ
ਸੀਸ ਤਲੀ ਤੇ ਧਰਕੇ ਨਹੀਂ—
ਪੱਗੜ 'ਚ ਲਪੇਟ ਕੇ ਲਿਆਉਂਦੇ ਨੇ
"ਕੋ ਕਾਹੂ ਕੋ ਰਾਜ ਨਾ ਦੇਇ ਹੈ
ਜੋ ਲੇਹਿ ਹੈ ਨਿਜ ਬਲ ਸੇ ਲੇਇ ਹੈ"
ਇਹੋ ਜਿਹੇ ਸ਼ਬਦ ਉਨ੍ਹਾਂ ਨੂੰ ਤੇਰੇ ਨਹੀਂ
ਕਿਸੇ 'ਮਾਉ' ਦੇ ਲੱਗਦੇ ਨੇ
ਤੇ ਤੇਰੇ ਪੁੱਤਰਾਂ ਨੂੰ ਬਦੇਸ਼ੀ ਏਜੰਟ ਸੱਦਦੇ ਨੇ।
ਪਰ ਕਲਗੀਧਰ!
ਸੱਚ ਦਾ ਕੋਈ ਰੰਗ ਨਹੀਂ ਹੁੰਦਾ।
ਨਾ ਨੀਲਾ—ਨਾ ਖੱਟਾ
ਸੱਚ ਤੇ ਮਾਰ ਆਉਂਦੀ ਹੈ,
ਸੱਚ ਬਗ਼ਾਵਤ ਕਰਦਾ ਹੈ
ਸੱਚ ਨੰਗੇ ਧੜ ਲੜਦਾ ਹੈ
ਕਦੇ ਕਲਮ ਦੇ ਨਾਲ ਕਦੇ ਤਲਵਾਰ ਦੇ ਨਾਲ।
ਬੇਸ਼ੱਕ ਅਸੀਂ ਛਕਿਆ ਨਹੀਂ ਬਾਟੇ ਦਾ ਅੰਮ੍ਰਿਤ
ਖਾਲਾਂ ਦਾ ਪਾਣੀ ਹੀ ਪੀਤਾ ਹੈ
ਬੇਸ਼ੱਕ ਅਸੀਂ ਚੱਖੀ ਨਹੀਂ ਤ੍ਰਿਨ ਮੇਲ ਦੀ ਦੇਗ
ਬਾਜਰੇ ਦੀ ਰੋਟੀ ਹੀ ਖਾਧੀ ਹੈ
ਬੇਸ਼ੱਕ ਸਾਨੂੰ ਕੀਤਾ ਨਹੀਂ ਅਨੰਦਪੁਰ ਨੇ ਸੂਚਿਤ
ਪਰ ਦਿੱਲ ਚੋਂ ਆਵਾਜ਼ ਉੱਠੀ ਹੈ
—ਕਿ ਅਬ ਜੂਝਣ ਕਾ ਦਾਓ ਹੈ
ਤੇ ਸਾਡੇ ਮਨ ਪ੍ਰੇਮ ਖੇਲਣ ਕਾ ਚਾਓ ਹੈ
ਅਸੀਂ ਤੇਰੀ ਗਲੀ ਆਏ ਹਾਂ
ਆਹ ਲੈ—ਸਾਡਾ ਸੀਸ
ਤਲੀ ਤੇ ਧਰ ਲਿਆਏ ਹਾਂ
ਪਿਆਰਿਆਂ ਦੀ ਚੋਣ ਤੂੰ ਫਿਰ ਕਰ ਲਵੀਂ
ਦਿੱਲੀ ਦਾ ਰੰਗ ਬਦਲਣ ਤੋਂ ਬਾਅਦ
ਦਿੱਲੀ ਦਾ ਰੰਗ ਬਦਲਣ ਤੋਂ ਬਾਅਦ

## ਗੁਨਾਹਗਾਰ

ਬਲਵਿੰਦਰ ਕਾਮੀ

ਐ ਦੁਨੀਆ!
ਤੇਰੇ ਗ਼ਮ ਮੈਨੂੰ ਸੌਣ ਨਹੀਂ ਦਿੰਦੇ।
ਅੱਧੀ ਅੱਧੀ ਰਾਤ ਤਾਈਂ
ਜਾਗ ਜਾਗ ਸੋਚਦੀ ਆਂ –
ਕਿਉਂ ਇਹੋ ਸੌਣ ਨਾਂ ਦਿੰਦੇ!
ਭੁੱਖੇ ਢਿੱਡ ਨੰਗੇ ਪੈਰ
ਗਲੀਆਂ ਸੜਕਾਂ ਉੱਤੇ ਸੁੱਤੇ
ਠੰਢੀਆਂ ਸਰਦ ਹਵਾਵਾਂ ਦਾਗਣ
ਥਰ ਥਰ ਕੰਬਦੇ ਸੀਨੇ ਕੱਜਣ।
ਜਦੋਂ ਮੈਂ ਉਹਨਾਂ ਕੋਲੋਂ ਲੰਘਾਂ
ਮੈਨੂੰ ਕੋਈ ਪਰਵਾਹ ਨਹੀਂ ਹੁੰਦੀ।

ਪਰ ਘਰ ਆਕੇ
ਰਜ਼ਾਈ ਲੈਕੇ
ਸੋਚਦੀ ਹਾਂ –
"ਮੈਂ ਗੁਨਾਹਗਾਰ ਹਾਂ
ਬੇਦਰਦ ਹਾਂ
ਬੇਤਰਸ ਹਾਂ!"

ਫਿਰ ਸੋਚਦੀ ਹਾਂ
"ਕੋਈ ਗ਼ਮ ਮਹਿਸੂਸ ਵੀ ਤੇ ਸਭ ਕੁਝ ਨਹੀਂ ਹੁੰਦਾ
ਜਦ ਮੈਂ ਕੁਝ ਕਰਦੀ ਨਹੀਂ
ਸਿਰਫ਼ ਸੋਚਦੀ ਹਾਂ...
... ... ... ...
... ... ... ... ... ..."

* (ਜੀ. ਐੱਨ. ਐੱਨ. ਕਾਲਜ ਫ਼ਾਰ ਵਿਮਨ, ਨਕੋਦਰ)

# ਜਵਾਬ

**ਅਵਤਾਰ ਗਿੱਲ**

ਸੰਤ ਸਿੰਘ ਦਿਨਾਂ ਵਿਚ ਹੀ ਅੱਧਾ ਰਹਿ ਗਿਆ। ਨਾ ਉਹਦਾ ਕੰਮ 'ਚ ਮਨ ਖੁੱਭਦਾ ਅਤੇ ਨਾ ਹੀ ਘੜੀ ਦੋ ਘੜੀਆਂ ਅਖ ਲਗਦੀ। ਅੱਠੋਂ ਪਹਿਰ ਉਠਦਾਂ ਬੈਠਦਾ ਗੀਟੀਆਂ ਗਿਣਦਾ ਰਹਿੰਦਾ—'ਹੇ ਕਰਤਾਰ! ਮੇਰੀ ਵੇਲ ਬਨੇਰੇ ਚੜ੍ਹੇਗੀ ਕਿ...' ਇਹ ਖ਼ਿਆਲ ਆਉਂਦਿਆਂ ਹੀ ਉਹ ਹਟਕੋਰਾ ਲੈ ਕੇ ਆਸੇ ਪਾਸੇ ਦੇਖਦਾ ਅਤੇ ਅਖਾਂ ਵਿਚ ਉਮਡ ਆਏ ਖ਼ਾਰੇ ਪਾਣੀ ਨੂੰ ਵਿਚੋਂ-ਵਿਚ ਡੀਕ ਜਾਂਦਾ।

ਘਰ ਵਾਲੀ ਜੀਉਂਦੀ ਹੁੰਦੀ ਤਾਂ ਉਹਨੂੰ ਇੰਨਾ ਝੋਰਾ ਨਹੀਂ ਸੀ ਹੋਣਾ। ਪਰ ਹੁਣ ਦਿਲ ਦੀ ਹਵਾੜ ਕਿਹਦੇ ਕੋਲ ਕੱਢੇ? ਆਪਣੀਆਂ ਭੋਲੀਆਂ ਭਾਲੀਆਂ ਬੱਚੀਆਂ ਕੋਲ? ਬੇਸ਼ਕ ਵੱਡੀ ਅਠਾਰ੍ਹਵੇਂ ਵਰ੍ਹੇ ਵਿਚ ਸੀ ਅਤੇ ਛੋਟੀ ਚੌਧਵੇਂ ਵਿਚ, ਮਗਰ ਬਾਪ ਦੀ ਮਨੋ-ਅਵਸਥਾ ਤੋਂ ਉਹ ਦੋਵੇਂ ਉੱਕਾ ਅਣਜਾਣ ਸਨ। ਬੱਸ, ਢੱਕੀ ਰਿੱਝੇ ਕੋਈ ਨਾ ਬੁੱਝੇ।

ਵੱਡੀ ਲੜਕੀ ਫੈਕਟਰੀ ਵਿਚ ਕੰਮ ਕਰਦੀ ਸੀ ਅਤੇ ਛੋਟੀ ਅਜੇ ਸਕੂਲ ਜਾਂਦੀ ਸੀ।

ਸੰਤਾ ਸਿੰਘ ਨੂੰ ਸਵੇਰੇ ਕੰਮ ਤੋਂ ਆਉਂਦੇ ਨੂੰ ਰੋਟੀ ਤਿਆਰ ਹੁੰਦੀ, ਘੁੱਟਾ-ਬੱਟੀ ਕਰ ਕੇ ਰਜ਼ਾਈ ਵਿਚ ਜਾ ਵੜਦਾ। ਮਾਸੂਮ ਬੱਚੀਆਂ ਨਾਲ ਦੋ ਇਧਰਲੀਆਂ, ਦੋ ਉਧਰਲੀਆਂ ਮਾਰਨ ਨੂੰ ਹੁਣ ਉਹਦਾ ਦਿਲ ਨਹੀਂ ਸੀ ਮੰਨਦਾ। ਇਹੀ ਨਿੱਕੀਆਂ ਨਿੱਕੀਆਂ ਬਲੂੰਗੜੀਆਂ, ਜਿਹਨਾਂ ਨੂੰ ਅਜੇ ਕਲ੍ਹ ਉਹ ਉਂਗਲੀ ਲਾਈ, ਕਦੀ ਛੋਟੀਆਂ ਛੋਟੀਆਂ ਸ਼ੌਪਾਂ ਅਤੇ ਕਦੀ ਵੱਡੇ ਵੱਡੇ ਸਟੋਰ ਦਿਖਾਉਂਦਾ ਫਿਰਦਾ ਹੁੰਦਾ ਸੀ; ਹੁਣ ਰਾਤੋ ਰਾਤ ਉਹਨੂੰ ਹੱਥ ਭਰ ਉਤਾਂਹ ਨੂੰ ਜਾਂਦੀਆਂ ਭਾਸ ਰਹੀਆਂ ਸਨ। ਸ਼ਾਮੀਂ ਪੂਰੇ ਵਕਤ ਨਾਲ ਸੰਤਾ ਸਿੰਘ ਬਿਸਤਰੇ 'ਚੋਂ ਨਿਕਲਦਾ ਅਤੇ ਝਟਕਾ ਪਟਕੀ 'ਚ ਤਿਆਰ ਹੋ ਕੇ ਕੰਮ 'ਤੇ ਚਲਿਆ ਜਾਂਦਾ। ਪਾਥੀਆਂ ਵਰਗੀਆਂ ਅਖਾਂ ਦਸਦੀਆਂ ਸਨ ਕਿ ਸਾਰੀ ਦਿਹਾੜੀ ਉਹ ਪਾਸੇ ਮਾਰ ਮਾਰ ਕੇ ਕੱਢਦਾ ਸੀ।

ਵੱਡੀ ਲੜਕੀ ਵਾਸਤੇ ਉਹਨੇ ਇਕ ਦੋ ਮੁੰਡੇ ਦੇਖੇ ਸਨ ਪਰ ਗੱਲ ਸਿਰੇ ਨਹੀਂ ਚੜ੍ਹ ਸਕੀ। ਦਿਨਾਂ ਵਿਚ ਹੀ ਜ਼ਮਾਨੇ ਨੂੰ ਪੁੱਠਾ ਗੇੜਾ ਆ ਗਿਆ ਸੀ। ਗਲ ਘੜੀਆਂ, ਮੁੰਦੀਆਂ ਤਕ ਹੀ ਸੀਮਤ ਹੁੰਦੀ ਤਾਂ ਵੀ ਉਹ ਅੱਡੀਆਂ ਚੁਕ ਕੇ ਵਾਹ ਲੈ ਲੈਂਦਾ। ਹੁਣ ਤਾਂ ਉਹਨੇ ਦੇਖਿਆ, ਕਈ ਮੋਟਰਾਂ ਅਤੇ ਮਕਾਨਾਂ ਉਤੇ ਝੋਰ ਲਾਈ ਬੈਠੇ ਸਨ। ਸੰਤ ਸਿੰਘ ਕੋਲ ਤਾਂ ਧੀ ਦੇ ਰਲਾ ਮਿਲਾ ਕੇ ਕੁਲ ਸੋਲਾਂ ਸੌ ਪੌਂਡ ਬਣਦਾ ਸੀ। ਉਹਨੇ ਸੋਚਿਆ ਸੀ ਕਿ ਪੰਜ ਚਾਰ ਸੌ ਇਧਰੋਂ ਉਧਰੋਂ ਫੜ ਕੇ, ਜੇ ਬਹੁਤਾ ਚੰਗਾ ਨਹੀਂ ਤਾਂ ਦਰਮਿਆਨਾ ਜਿਹਾ ਕਾਰਜ ਕਰ ਦੇਵੇਗਾ। ਵੇਲੇ ਵੇਲੇ ਦਾ ਰਾਗ ਹੁੰਦਾ ਹੈ, ਹੁਣ ਹਾਲਤ ਇਹ ਸੀ ਕਿ ਵਾਹ ਪਿਆ ਜਾਣੀਏਂ ਜਾਂ ਰਾਹ ਪਿਆ ਜਾਣੀਏਂ।

"ਸੰਤਾ ਸਿਹਾਂ ਢਿੱਗੀ ਨਹੀਂ ਢਾਹੀਦੀ ਹੁੰਦੀ। ਤੂੰ ਤਾਂ ਹੁਲੀਆ ਈ ਭੈੜਿਆ ਇੰਜ ਬਣਾ ਲਿਆ ਐ ਜਿਕਣ ਮੁੱਦਤਾਂ ਤੋਂ ਮੰਜਾ ਮੱਲੀ ਬੈਠਾ ਹੋਵੇਂ। ਹਿੰਮਤ ਹਾਰਿਆਂ ਵੀ ਕਦੇ ਕੁਝ ਸੌਰਿਆ ਐ?" ਆਤਮਾ ਸਿੰਘ ਨੇ ਧੀਰਜ ਦਿਲਾਸਾ ਦਿਤਾ।

ਆਤਮਾ ਸਿੰਘ, ਸੰਤਾ ਸਿੰਘ ਦਾ ਪੇਂਡੂ ਵੀ ਸੀ ਅਤੇ ਲੰਗੋਟੀਆ ਯਾਰ ਵੀ। ਇਸੇ ਸਬੱਬ ਸੰਤਾ ਸਿੰਘ ਨੇ ਮਨ ਦੀ ਹਵਾੜ੍ਹ ਆਤਮਾ ਸਿੰਘ ਪਾਸ ਕੱਢਣ ਦੀ ਸੋਚੀ ਸੀ।

"ਹਿੰਮਤ ਤਾਂ ਨਹੀਂ ਹਾਰਦਾ ਮੈਂ ਆਤਮਾ ਸਿਹਾਂ!" ਹਟਕੋਰਾ ਲੈ ਕੇ ਸੰਤਾ ਸਿੰਘ ਆਖਣ ਲਗਾ, "ਪਰ ਜ਼ਮਾਨੇ ਦਾ ਤੌਰ ਚੰਗਾ ਨਹੀਂ। ਕੁੜੀਆਂ ਦੀ ਮਾਂ ਜੀਉਂਦੀ ਹੁੰਦੀ ਤਾਂ ਮੈਨੂੰ ਇੰਨਾ ਤੌਖਲਾ ਨਹੀਂ ਸੀ ਹੋਣਾ। ਘਰ, ਕੱਲੀਆਂ ਛਡ ਕੇ ਜਾਂਦਿਆਂ ਮੇਰਾ ਕਾਲਜਾ...। ਤੇਰੇ ਕੋਲੋਂ ਕਾਹਦਾ ਲੁਕੋ, ਹਿੱਕ ਤੇ ਪੱਥਰ ਰਖ ਕੇ ਇਕ ਇਕ ਰਾਤ ਕਢਦਾਂ ਵੀਰਿਆ!...ਮੇਰਾ ਤਾਂ ਦਿਲ ਆਂਹਦਾ ਪਈ ਦੋਹਾਂ ਕੁੜੀਆਂ ਨੂੰ ਮੁਲਖ਼ ਭੇਜ ਦਿਆਂ, ਉਥੇ ਕੋਈ........."

"ਉਹ ਤਾਂ ਤੇਰੀ ਗਲ ਠੀਕ ਐ ਸੰਤਾ ਸਿਹਾਂ, ਪਰ ਟਿਕਣ ਲੋਕਾਂ ਨੇ ਫਿਰ ਵੀ ਨਹੀਂ ਦੇਣਾ। ਆਖਣਗੇ ਕੁੜੀਆਂ ਵਿਚ ਜ਼ਰੂਰ ਕੋਈ......"

"ਕੀਤਾ ਕੀ ਜਾਵੇ? ਮੁੰਡੇ ਤਾਂ ਢੂੰਡਿਆਂ ਨਹੀਂ ਲਭਦੇ ਅਜ ਕਲ।" ਰੋਕਦਿਆਂ ਰੋਕਦਿਆਂ ਸੰਤਾ ਸਿੰਘ ਦਾ ਹਉਕਾ ਨਿਕਲ ਗਿਆ। ਉਂਜ ਉਹ ਇਹ ਸੋਚ ਵੀ ਨਹੀਂ ਸੀ ਸਕਦਾ ਕਿ ਮਾਂ-ਬਾਹਰੀਆਂ ਬੱਚੀਆਂ ਨੂੰ ਹਜ਼ਾਰਾਂ ਕੋਹਾਂ ਦੂਰ ਭੇਜ ਕੇ ਸਦੀਵੀ ਤੋੜ ਵਿਛੋੜਾ ਕਰ ਲਵੇ ਪਰ ਹਾਲਾਤ ਨੇ ਉਹਨੂੰ ਅਜਿਹਾ ਸੋਚਣ ਲਈ ਮਜ਼ਬੂਰ ਕਰ ਦਿੱਤਾ ਸੀ।

ਸੰਤਾ ਸਿੰਘ ਲੋਚਦਾ ਸੀ ਕਿ ਉਹਨੂੰ ਅਜਿਹੇ ਸਾਊ ਅਤੇ ਨੇਕ ਰਿਸ਼ਤੇ-ਦਾਰ ਮਿਲਣ ਜਿਹੜੇ ਉਹਦੀ ਧੀ ਨੂੰ ਹੱਥੀਂ ਛਾਵਾਂ ਕਰਨ। ਫੁੱਲਾਂ ਨਾਲੋਂ ਸੋਹਲ ਜਾਣ ਕੇ ਰੱਖਣ। ਅਲੂਣੋਂ ਥੇ ਨਾ ਆਖਣ।

ਪਰ ਕੋਈ ਚਾਰਾ ਨਾ ਚਲਦਾ ਦੇਖ ਕੇ ਹੀ ਉਹਨੇ ਕੁੜੀਆਂ ਨੂੰ ਇੰਡੀਆਂ ਭੇਜਣ ਬਾਰੇ ਸੋਚਿਆ ਸੀ। ਆਤਮਾ ਸਿੰਘ ਨੂੰ ਉਹਦੀ ਇਹ ਸਲਾਹ ਜੱਚੀ ਨਾ, ਆਖਣ ਲਗਾ, "ਇਥੇ ਕੋਈ ਬਖ਼ਤਾਵਰ ਨਾ ਸਹੀ, ਹਮਾਤੜ ਹੀ ਟੱਕਰ ਜਾਵੇ, ਤਾਂ ਵੀ ਇੰਡੀਆ ਨਾਲੋਂ ਤਾਂ ਚੰਗਾ। ਦਿਨ ਦਿਹਾਰ ਨੂੰ ਬੰਦਾ ਮਿਲ ਗਿਲ ਸਕਦੈ, ਦੁੱਖ-ਸੁੱਖ ਵਿਚ ਸਹਾਈ..."

"ਇਹੋ ਰੋਂਡੀ ਰੋਣੇ ਤਾਂ ਮੈਂ ਰੋਨਾਂ ਵਾਂ ਆਤਮਾ ਸਿਹਾਂ!......ਪਰ ਕੋਈ ਟੱਕਰੇ ਵੀ।"

"ਮੁੰਡਾ ਤਾਂ ਹੈ ਮੇਰੀ ਨਜ਼ਰ ਵਿਚ ਇਕ, "ਕੁਝ ਚਿਰ ਖ਼ਾਮੋਸ਼ ਰਹਿਣ ਪਿਛੋਂ ਆਤਮਾ ਸਿੰਘ ਬੋਲਿਆ, "ਜੇ ਤੇਰੇ ਪਸੰਦ ਹੋਵੇ ਤਾਂ ਮੈਂ ਮੁੰਡੇ ਦੇ ਬਾਪ ਨਾਲ ਗਲ ਕਰ ਲੈਨਾਂ ਵਾਂ।"

ਅੰਨ੍ਹਾਂ ਕੀ ਭਾਲੇ—ਦੋ ਅਖਾਂ। ਸੰਤਾ ਸਿੰਘ ਦਾ ਚਿਹਰਾ ਟਹਿਕ ਪਿਆ: "ਮੇਰੀ ਪਸੰਦ ਅਤੇ ਤੇਰੀ ਪਸੰਦ ਕੋਈ ਦੋ ਆ। ਲੜਕੀ ਦੇ ਹਾਣ ਪ੍ਰਵਾਣ ਹੋਵੇ, ਬੱਸ!...ਪਰ ਹਾਂ, ਲੈਣ ਦੇਣ ਦੀ ਗਲ ਪਹਿਲਾਂ ਮੁਕਾਂ ਲੈਣੀ ਚਾਹੀਦੀ ਐ, ਬਾਦ ਦੇ ਰੱਫੜ ਨਾਲੋਂ।"

"ਉਹਦਾ ਤੂੰ ਕੋਈ ਫਿਕਰ ਨਾ ਕਰ", ਆਤਮਾ ਸਿੰਘ ਨੇ ਦਾਈਏ ਨਾਲ ਕਿਹਾ, "ਆਪਾਂ ਗਲ ਹੀ ਕੋਈ ਤਾਂ ਕਰਨੀ ਏਂ ਪਹਿਲਾਂ'ਸਾਰੀ ਭਾਫ਼ ਲੈ ਕੇ। ਜਿਥੋਂ ਤਕ ਮੈਨੂੰ ਪਤਾ ਐ, ਬੰਦੇ ਮਾੜੇ ਨਹੀਂ। ਬੜੇ ਮਿਲਣਸਾਰ ਐ। ਬਹੁਤੀ ਸ਼ੂੰ-ਸ਼ਾਂ ਵੀ ਨਹੀਂ ਕਰਦੇ...।"

ਸੰਤਾ ਸਿੰਘ ਦੇ ਡਿਗੂੰ ਡਿਗੂੰ ਕਰਦੇ ਦਿਲ ਨੂੰ ਕੁਝ ਢਾਰਸ ਬੱਝੀ। ਮੁੰਡਾ ਲਾਗਲੀ ਗੈਰਜ ਵਿਚ ਕੰਮ ਕਰਦਾ ਸੀ, ਆਤਮਾ ਸਿੰਘ ਨੂੰ

ਨਾਲ ਲੈ ਕੇ ਦੁਪਹਿਰੋਂ ਬਾਦ ਉਹ ਦੇਖ ਆਇਆ। ਦਰਮਿਆਨਾ ਕੱਦ, ਕਣਕ-ਵੰਨਾ ਰੰਗ, ਭਰਵਾਂ ਸਰੀਰ—ਮੁੰਡਾ ਸੰਤਾ ਸਿੰਘ ਦੇ ਦਿਲ ਲਗ ਗਿਆ'।

ਦੂਜੇ ਦਿਨ ਪੱਬ ਵਿਚ ਆਤਮਾ ਸਿੰਘ ਨੇ ਮੁੰਡੇ ਦੇ ਪਿਓ ਨਾਲ ਗਲ ਤੋਰੀ ਤਾਂ ਕਰਤਾਰ ਸਿੰਘ ਆਖਣ ਲਗਾ ਕਿ ਲੜਕੀ ਮੂੰਹ ਮੱਥੇ ਲਗਦੀ ਹੋਵੇ, ਖੱਟ ਦਾਜ ਦਾ ਉਹ ਭੁੱਖਾ ਨਹੀਂ। ਵਾਹਿਗੁਰੂ ਦਾ ਦਿੱਤਾ ਸਭ ਕੁਝ ਹੈ; ਜੋ ਲੜਕੀ ਦੇ ਭਾਗਾਂ ਦਾ, ਉਹ ਤਾਂ......।

ਆਤਮਾ ਸਿੰਘ ਨੇ ਜ਼ੋਰ ਪਾਇਆ ਕਿ ਸਾਰਾ ਟੱਬਰ ਜਾ ਕੇ ਲੜਕੀ ਦੇਖ ਆਵੇ, ਸੁਣੇ ਸੁਣਾਏ ਅਤੇ ਅੱਖੀ ਦੇਖੇ ਵਿਚ ਕੋਹਾਂ ਦਾ ਫਰਕ ਹੁੰਦਾ ਹੈ। ਕਰਤਾਰ ਸਿੰਘ ਨੇ ਇਕੋ ਨੰਨਾ ਫੜੀ ਰਖਿਆ। ਜਦੋਂ ਆਤਮਾ ਸਿੰਘ ਆਪਣੀ ਸ਼ਰਤ ਤੋਂ ਇਕ ਪੈਰ ਵੀ ਪਿਛੇ ਨਾ ਹਟਿਆ ਤਾਂ ਕਰਤਾਰ ਸਿੰਘ ਇਸ ਗਲ ਤੇ ਰਾਜ਼ੀ ਹੋ ਗਿਆ ਕਿ ਮੁੰਡਾ ਅਤੇ ਮੁੰਡੇ ਦੀ ਮਾਂ ਲੜਕੀ ਆਤਮਾ ਸਿੰਘ ਦੇ ਘਰ ਜਾ ਕੇ ਦੇਖ ਆਉਣਗੇ।

ਲੜਕੀ, ਮੁੰਡੇ ਅਤੇ ਮੁੰਡੇ ਦੀ ਮਾਂ ਦੇ ਪਸੰਦ ਆ ਗਈ।

ਕਰਤਾਰ ਸਿੰਘ ਦਾ ਭਾਈਚਾਰਾ ਬਹੁਤ ਲੰਮਾ ਚੌੜਾ ਸੀ। ਰਿਸ਼ਤੇ-ਦਾਰਾਂ ਨਾਲ ਗਿਣ-ਗਠ ਕਰ ਕੇ ਸ਼ਗਨ ਦਾ ਦਿਨ ਮਿਥਦਿਆਂ ਦੋ ਤਿੰਨ ਹਫ਼ਤੇ ਲਗ ਗਏ।

ਕੁੜਮਾਈ ਵਾਲੇ ਦਿਨ ਕਰਤਾਰ ਸਿੰਘ ਦੇ ਘਰ ਤਿਲ ਸੁਟਣ ਨੂੰ ਥਾਂ ਨਹੀਂ ਸੀ। ਮੁੰਡੇ ਦੇ ਹੱਥ ਕੜਾ ਅਤੇ ਝੋਲੀ ਗਿਆਰਾਂ ਪੌਂਡ ਪਾ ਕੇ ਸੰਤਾ ਸਿੰਘ ਨੇ ਕੋਲ ਖੜ੍ਹੇ ਕਰਤਾਰ ਦੇ ਗੋਡੀਂ ਹੱਥ ਲਾਉਂਦਿਆਂ ਬੜੀ ਅਧੀਨਗੀ ਨਾਲ ਕਿਹਾ, "ਸਰਦਾਰ ਜੀ ਗਰੀਬੀ ਦਾਵੇ ਦਾ...ਧੀਆਂ ਵਾਲੇ ਸਦਾ......।"

"ਹੁਣ ਤੂੰ ਕੋਈ ਕਸਰ ਛੱਡੀ ਐ ਸੰਤਾ ਸਿਹਾਂ," ਮੋਢਿਆਂ ਤੋਂ ਫੜ ਕੇ ਉਤਾਂਹ ਉਠਾਂਦਿਆਂ ਹੋਇਆਂ ਕਰਤਾਰ ਸਿੰਘ ਨੇ ਕਿਹਾ, "ਕੁੜਮਾਈ 'ਤੇ ਬਹੁਤਾ ਖਰਚ ਕਰਨ ਦਾ ਕੀ ਫੈਦਾ! ਸਾਦ-ਮੁਰਾਦੀ ਜਿਹੀ ਰਸਮ ਚਾਹੀਦੀ ਐ।"

ਸੰਤਾ ਸਿੰਘ ਦੀ ਖ਼ੁਸ਼ੀ ਦਾ ਪਾਰਾਵਾਰ ਨਹੀਂ ਸੀ। ਉਹਦੇ ਸਿਰੋਂ ਅੱਧਾ ਭਾਰ ਲਹਿ ਗਿਆ ਸੀ। ਕਰਤਾਰ ਸਿੰਘ ਦੇ ਘਰ ਕੁੱਕੜ ਅਤੇ ਰੰਮ ਰਾਤ ਬਾਰਾਂ ਵਜੇ ਤਕ ਚਲਦੇ ਰਹੇ।

ਆਤਮਾ ਸਿੰਘ ਨੇ ਫੇਰੇ ਤੇ ਫੇਰਾ ਮਾਰ ਕੇ ਸਾਹਾ ਲੈ ਲਿਆ। ਰਜਿਸਟਰੇਸ਼ਨ ਦੀ ਤਰੀਕ ਵਿਆਹ ਤੋਂ ਇਕ ਹਫਤਾ ਪਹਿਲਾਂ ਦੀ ਪੱਕੀ ਹੋ ਗਈ।

ਗਿਣਤੀ ਦੇ ਦਿਨ ਲੰਘਦਿਆਂ ਕਿਹੜੀ ਦੇਰ ਲਗਦੀ ਹੈ। ਰਜਿਸ-ਟਰੇਸ਼ਨ ਉਤੇ ਕੁੜਮਾਈ ਨਾਲੋਂ ਵੀ ਵਧ ਘੜਮੱਸ ਹੋ ਗਈ। ਦੋਹਾਂ ਪਾਸਿਆਂ ਦੇ ਬੰਦੇ ਰਲਾ ਮਿਲਾ ਕੇ ਅੱਸੀਆਂ ਤੋਂ ਘਟ ਨਹੀਂ ਹੋਣਗੇ। ਮੁੰਦੀਆਂ ਪਾਉਣ ਤੋਂ ਬਾਦ ਇਕ ਵਾਰ ਫਿਰ ਪੌਂਡਾਂ ਦਾ ਦੌਰ ਚੱਲਿਆ। ਕੁੜੀ ਦਾ ਪਰਸ ਅਤੇ ਮੁੰਡੇ ਦੀ ਝੋਲੀ ਨੱਕੋ ਨੱਕ ਭਰ ਗਏ। ਵਿਛੜਨ ਲਗਿਆਂ ਸੰਤਾਂ ਸਿੰਘ ਨੇ ਕੁੜਮ ਦੇ ਹਥ ਆਪਣੇ ਹਥਾਂ ਵਿਚਾਲੇ ਘੁਟਦਿਆਂ ਹਲੀਮੀ ਨਾਲ ਆਖਿਆ, "ਸਰਦਾਰ ਜੀ, ਮੈਥੋਂ ਕੋਈ ਗ਼ਲਤੀ ਹੋ ਗਈ ਹੋਵੇ ਤਾਂ......।"

"ਗਲਤੀ ਤੈਥੋਂ ਕਾਹਨੂੰ, ਗਲਤੀ ਤਾਂ ਮੈਥੋਂ ਹੋ ਗਈ ਜਿਹੜਾ...।" ਕਰਤਾਰ ਸਿੰਘ ਦੀ ਗਲ ਦਾ ਪਿਛਲਾ ਹਿੱਸਾ ਰੌਲੇ ਗੌਲੇ ਵਿਚ ਗੁਆਚ ਗਿਆ। ਇਹਨਾਂ ਆਪਣੇ ਘਰ ਦਾ ਰਾਹ ਫੜਿਆ ਅਤੇ ਉਹਨਾਂ ਆਪਣੇ ਦਾ।

—ਅਜ ਜਦੋਂ ਰਿਸ਼ਤੇਦਾਰਾਂ ਨੂੰ ਵਿਆਹ ਦੀਆਂ ਚਿੱਠੀਆਂ ਪਾਈਆਂ ਜਾ ਚੁਕੀਆਂ ਸਨ।

—ਆਂਢੀਆਂ ਗਵਾਂਢੀਆਂ ਨੂੰ ਸੱਦਾ ਦਿਤਾ ਜਾ ਚੁਕਾ ਸੀ।

—ਕਪੜੇ ਲੀੜੇ ਅਤੇ ਭਾਂਡੇ ਟੀਂਡੇ ਖਰੀਦੇ ਜਾ ਚੁਕੇ ਸਨ।

—ਤੇ ਅਜ ਜਦੋਂ ਵਿਆਹ ਦੀ ਰਜਿਸਟਰੇਸ਼ਨ ਹੋ ਚੁਕੀ ਸੀ ਅਤੇ ਆਨੰਦ ਕਾਰਜ ਕਰਨ ਵਿਚ ਕੁਲ ਸੱਤ ਦਿਨ ਬਾਕੀ ਰਹਿ ਗਏ ਸਨ ਤਾਂ ਮੁੰਡੇ ਦੇ ਪਿਓ, ਕਰਤਾਰ ਸਿੰਘ ਨੂੰ ਦੌਰਾ ਪੈ ਗਿਆ—ਅਖੇ ਕੁੜੀ ਮਧਰੀ ਹੈ।

ਘਰ ਵਿਚ ਭਦੌਹਲ ਪੈ ਗਿਆ। ਕਰਤਾਰ ਸਿੰਘ ਦੀਆਂ ਅਖਾਂ ਵਿਚੋਂ ਅੰਗਿਆਰ ਝੜਨ ਲੱਗੇ। ਕਿਸੇ ਦੋਜ਼ਖ਼ੀ ਦੈਂਤ ਵਾਂਗ ਮਾਣਸ ਗੰਧ-ਮਾਣਸ ਗੰਧ ਕਰਦਾ ਹੋਇਆ ਕਦੇ ਉਹ ਪਿਛਲੇ ਕਮਰੇ ਵਿਚ ਜਾਂਦਾ ਕਦੀ ਮੂਹਰਲੇ ਵਿਚ। ਉਹਦੇ ਪੈਰਾਂ ਵਿਚੋਂ ਅੱਗ ਨਿਕਲ ਰਹੀ ਸੀ ਤੇ ਸਿਰ ਵਿਚੋਂ ਭਾਂਬੜ। ਝਟਪਟ ਉਹਨੇ ਆਤਮਾ ਸਿੰਘ ਨੂੰ ਬੁਲਵਾਇਆ ਅਤੇ ਘੁਰਕਿਆ, "ਚੰਗੀ ਕੀਤੀ ਐ ਤੂੰ ਸਾਡੇ ਨਾਲ ਆਤੂ! ਸੱਤ ਘਰ ਤਾਂ ਡੈਣ ਵੀ ਛੱਡ ਲੈਂਦੀ ਐ।"

"ਬਾਖਰੂ! ਬਾਖਰੂ!! ਕਿਹੜੀ ਅਵੱਗਿਆ ਹੋ ਗਈ ਮੈਥੋਂ ਸਰਦਾਰ ਜੀ?" ਆਤਮਾ ਸਿੰਘ ਦਾ ਤਾਣਾ ਪੇਟਾ ਹਿੱਲ ਗਿਆ। ਉਤਲਾ ਸਾਹ ਉਤੇ ਅਤੇ ਹੇਠਲਾ ਸਾਹ ਹੇਠਾਂ ਰਹਿ ਗਿਆ। ਅਖਾਂ ਅਗੇ ਭੰਬਲ-ਤਾਰੇ ਨੱਚਣ ਲਗ ਪਏ।

"ਭੇਡ ਬਹਿੜਕੇ ਨੂੰ ਇਕੋ ਰਸੇ ਨੂੜ ਕੇ ਪੁੱਛਦਾ ਐਂ ਕਿਹੜੀ ਅਵਗਿਆ ਹੋ ਗਈ? ਮੈਂ ਕਹਿਨਾ ਵਾਂ ਪਈ ਸਰੂ ਵਰਗੇ ਮੁੰਡੇ ਨੂੰ ਫਾਹੇ ਦੇਣ ਲਗਾ ਕੁੜੀ ਦੇ ਕੱਦ ਵਲ ਤਾਂ ਝਾਤੀ ਮਾਰ ਲੈਂਦੋਂ।"

"ਕੁੜੀ ਤੁਸਾਂ ਆਪ ਦੇਖੀ ਐ। ਤੁਸਾਂ 'ਹਾਂ' ਕੀਤੀ ਤਾਂ...।"

"ਮੈਂ ਕਾਹਨੂੰ ਦੇਖੀ ਐ ਮੈਂ ਦੇਖੀ ਹੁੰਦੀ ਤਾਂ...।"

"ਮੈਂ ਤਾਂ ਸਰਦਾਰ ਜੀ ਥੋਨੂੰ ਬਹੁਤ ਜ਼ੋਰ ਲਾਇਆ ਪਰ ਤੁਸਾਂ...।"

"ਮੇਰੀ ਅਕਲ 'ਤੇ ਪੜਦਾ ਪੈ ਗਿਆ, ਮੈਂ ਤੇਰੇ ਤੇ...।"

"ਮੈਂ ਤਾਂ ਹੁਣ ਵੀ ਕਹਿੰਦਾ ਹਾਂ ਕੁੜੀ ਮੁੰਡੇ ਨਾਲੋਂ ਉਂਗਲ ਦੋ ਉਂਗਲਾਂ ਆਕਰੀ ਹੀ ਹੋਊ, ਛੋਟੀ ਨਹੀਂ। ਜੇ ਨਹੀਂ, ਤਾਂ ਮੇਰੀ ਦਾੜ੍ਹੀ ਮੂਤ ਨਾਲ......।" ਆਤਮਾ ਸਿੰਘ ਦੀਆਂ ਅਖਾਂ ਲਾਲ ਅਤੇ ਚਿਹਰਾ ਸੁਰਖ਼ ਹੋ ਗਿਆ।

ਕਰਤਾਰ ਸਿੰਘ ਅੱਗ ਖਾ ਕੇ ਅੰਗਿਆਰ ਉਗਲੱਛਣ ਲੱਗਾ, "ਉਇ ਆਤੂ! ਨਾਲੇ ਚੋਰ ਨਾਲੇ ਚਤਰ? ਭੜਵਿਆ ਜਿੱਡਾ ਮੂੰਹ ਉੱਡੀ ਗਲ ਕਰੀਦੀ ਐ। ਕਿਥੇ ਰਾਜਾ ਭੋਜ ਕਿਥੇ ਗੰਗੂ ਤੇਲੀ।...ਮੈਂ ਮੁੰਡੇ ਕੁੜੀ ਦੀ ਝੋਲੀ ਦਸ ਦਸ ਪੌਂਡ ਪਾਏ ਆ, ਉਸ ਟੁੱਟੜ...ਟੁੱਟੜ ਸੰਤੂ ਨੇ ਕੁੱਲ ਇਕ ਇਕ—ਕੁੜੀ ਮਧਰੀ ਨਹੀਂ ਤਾਂ ਹੋਰ ਕੀ ਐ। ਮਧਰੀ ਨਹੀਂ, ਮੈਂ ਤਾਂ ਕਹਿੰਦਾ ਆਂ ਬੌਨੀ ਐ ਬੌਨੀ...ਸ਼ੁਕਰ ਐ ਵੇਲੇ ਸਿਰ ਪਤਾ ਲਗ ਗਿਆ। ਜਾਹ, ਜਾ ਕੇ ਕਹਿ ਦੇ ਉਸ ਨੰਗ ਨੂੰ; ਮੇਰੇ ਵਲੋਂ ਜਵਾਬ ਐ।"

ਜਵਾਬ?—ਜਿਵੇਂ ਆਤਮਾ ਸਿੰਘ ਦੇ ਸਿਰ ਵਿਚ ਵਦਾਣ ਆ ਵੱਜਾ ਹੋਵੇ। ਉਹਦੇ ਹੋਸ਼ ਹਵਾਸ ਸਾਥ ਛਡਣ ਲਗੇ ਤੇ ਲੜਖੜਾਉਂਦਾ ਦਰਵਾਜ਼ਿਉਂ ਬਾਹਰ ਹੋ ਗਿਆ।

# ਲਿੱਲੀ

*ਸਾਥੀ ਲੁਧਿਆਣਵੀ*

ਜਦੋਂ ਬੀ. ਬੀ. ਸੀ. ਟੈਲੀਵੀਯਨ ਉਤੇ ਜੋਨ ਕਰੇਵਨਜ਼ ਨਿਊਜ਼ ਰਾਊਂਡ ਵੀ ਆ ਚੁੱਕਿਆ ਤਾਂ ਸ਼ਰਨਵੀਰ ਨੇ ਸੋਚਿਆ ਕਿ ਲਿੱਲੀ ਸ਼ਾਇਦ ਕੰਮ ਤੋਂ ਆਉਂਦੀ ਆਉਂਦੀ ਰਾਹ ਵਿਚ ਸ਼ਾਪਿੰਗ ਕਰਨ ਲੱਗ ਪਈ ਹੋਵੇਗੀ। ਪਰ ਜਦੋਂ ਪੌਣੇ ਛੇ ਦੀਆਂ ਖਬਰਾਂ ਵੀ ਆਉਣ ਲੱਗ ਪਈਆਂ ਤਾਂ ਸ਼ਰਨਵੀਰ ਦੇ ਚਿਹਰੇ ਉਤੇ ਫਿਕਰ ਦੀਆਂ ਰੇਖਾਵਾਂ ਉੱਘੜਨ ਲੱਗੀਆਂ। ਰੁਡੇਸ਼ੀਆ ਦਾ ਪ੍ਰਧਾਨ ਮੰਤਰੀ ਈਅਨ ਸਮਿੱਥ ਤੇ ਅਮਰੀਕਾ ਦਾ ਪ੍ਰਧਾਨ ਏਲੈਕਟ ਜਿੰਮੀ ਕਾਰਟਰ ਕੀ ਆਖਦਾ ਹੈ ? ਉਹਨੂੰ ਕੁਝ ਨਾ ਸੁਣਿਆ। ਉਂਝ ਵੀ ਅੱਜ ਸਾਰਾ ਦਿਨ ਉਹ ਗੁਆਚਾ ਗੁਆਚਾ ਰਿਹਾ ਸੀ। ਜੇ ਕੋਈ ਕਿਤਾਬ ਫੋਲਦਾ ਤਾਂ ਫੋਲਦਾ ਹੀ ਪੜ੍ਹ ਨਾ ਸਕਦਾ। ਅੱਜ ਦੀ ਅਖਬਾਰ ਦੀਆਂ ਤੈਹਾਂ ਵੀ ਅਜੇ ਤੀਕ ਅਣ-ਖੁੱਲ੍ਹੀਆਂ ਹੀ ਪਈਆਂ ਸਨ। ਜੇ ਟੇਪ ਰੀਕਾਰਡਰ ਲਾਉਂਦਾ ਤਾਂ ਗਾਣਿਆਂ ਵਲ ਆਕਰਸ਼ਤ ਨਾ ਹੁੰਦਾ। ਉਸਨੇ ਸਾਰਾ ਦਿਨ ਕੁਝ ਖਾਧਾ ਵੀ ਨਾ ਤੇ ਅੱਜ ਪਹਿਲੀ ਵੇਰ ਉਸਨੇ ਸ਼ਰਾਬ ਪੀਣ ਬਾਰੇ ਸੋਚਿਆ ਸੀ। ਉਸਨੇ ਪੜ੍ਹ ਰੱਖਿਆ ਸੀ ਕਿ ਸ਼ਰਾਬ ਗ਼ਮ ਨੂੰ ਭੁਲਾਉਣ ਦੀ ਸਭ ਤੋਂ ਵਧੀਆ ਦਵਾਈ ਹੈ। ਪਰ ਨਾ ਤਾਂ ਉਹ ਕਦੇ ਪੱਬ ਵਿਚ ਹੀ ਗਿਆ ਸੀ ਤੇ ਨਾ ਹੀ ਉਸਨੇ ਕਦੇ ਸ਼ਰਾਬ ਹੀ ਖਰੀਦੀ ਸੀ। ਉਂਝ ਵੀ ਉਹਨੂੰ ਉਮਰ ਭਰ ਦੇ ਸ਼ਰਾਬ ਨਾ ਪੀਣ ਦੇ ਸਾਂਭੇ ਅਮੁਲ ਨੂੰ ਏਦਾਂ ਛਿਨ ਭੰਗਰੇ ਹਾਲਾਤ ਅਧੀਨ ਕੁਰਬਾਨ ਕਰ ਦੇਣਾ ਬਹੁਤਾ ਚੰਗਾ ਨਾ ਲੱਗਾ। ਅੱਗੇ ਆਮ ਤੌਰ ਤੇ ਜਦੋਂ ਉਹ ਵਿਹਲਾ ਹੁੰਦਾ ਸੀ ਤਾਂ ਕਿਸੇ ਨਾ ਕਿਸੇ ਨੂੰ ਇੰਡੀਆ ਵਾਲਾ ਲਫਾਫਾ ਲਿਖਣ ਲੱਗ ਪੈਂਦਾ ਹੁੰਦਾ ਸੀ, ਜਿਸ ਵਿਚ ਉਹ ਇੰਗਲੈਂਡ ਦੀਆਂ ਰੰਗੀਨੀਆਂ ਦਾ ਜ਼ਿਕਰ ਕਰਦਾ ਤੇ ਆਪਣੀ ਵਹੁਟੀ ਲਿੱਲੀ ਦੇ ਖੂਬਸੂਰਤ ਤੇ ਚੁਸਤ ਹੋਣ ਦੇ ਚਰਚੇ ਛੇੜਦਾ। ਉਹ ਇਹ ਵੀ ਆਖਦਾ ਕਿ ਲਿੱਲੀ ਤੇ ਉਹ ਆਪਸ ਵਿਚ ਬਹੁਤ ਹੀ ਪਿਆਰ ਕਰਦੇ ਨੇ। ਉਹ ਇਹ ਵੀ ਆਖਦਾ ਕਿ ਭਾਵੇਂ ਉਹਨੂੰ ਅਜੇ ਕਿਧਰੇ ਨੌਕਰੀ ਨਹੀਂ ਸੀ ਮਿਲੀ ਪਰ ਲਿੱਲੀ ਦੀ ਤਨਖਾਹ ਰੁਪਈਆਂ ਦੇ ਹਿਸਾਬ ਨਾਲ ਗਿਣਕੇ ਭਾਰਤ ਵਿਚ ਬੈਠੇ ਆਪਣੇ ਮਿੱਤਰਾਂ ਅਤੇ ਸਬੰਧੀਆਂ ਨੂੰ ਇਹ ਜ਼ਰੂਰ ਚਿਤਾਰ ਦਿੰਦਾ ਕਿ ਉਹ ਉੱਕਾ ਫ਼ਿਕਰਮੰਦ ਨਹੀਂ ਸੀ ਤੇ ਜ਼ਿੰਦਗੀ ਕੇਵਲ ਫੁੱਲਾਂ ਦੀ ਸੇਜ ਹੀ ਸੀ।

ਅੱਜ ਉਹਦਾ ਪਹਿਲੀ ਵੇਰ ਜੀਅ ਕੀਤਾ ਸੀ ਕਿ ਕਿਸੇ ਨੂੰ ਉਹ ਆਪਣੇ ਦਿਲ ਦੀ ਗੱਲ ਲਿਖ ਦੇਵੇ। ਪਰ ਕਿਸਨੂੰ ? ਉਹਨੂੰ ਕੋਈ ਵੀ ਅਜਿਹਾ ਮਿੱਤਰ ਜਾਂ ਸਬੰਧੀ ਨਜ਼ਰ ਨਾ ਆਇਆ ਜਿਹੜਾ ਉਹਦੀ ਸਥਿਤੀ ਨੂੰ ਸਮਝ ਸਕਦਾ। ਉਹਨੂੰ ਆਪਣੀ ਵਿਧਵਾ ਮਾਂ ਦਾ ਖਿਆਲ ਆਇਆ। ਉਹਨੂੰ ਆਪਣੀਆਂ ਕੁਆਰੀਆਂ ਬੈਠੀਆਂ ਤਿੰਨਾਂ ਭੈਣਾਂ ਦਾ ਖਿਆਲ ਆਇਆ। ਉਨ੍ਹਾਂ 'ਚੋਂ ਕੋਈ ਵੀ ਉਹਨੂੰ ਇਹ ਦੁਖਦਾਈ ਖਬਰ ਜਜ਼ਬ ਕਰ ਲੈਣ ਦੇ ਯੋਗ ਨਾ ਜਾਪੀ। ਉਹ ਸੱਭੇ ਸੁਪਨੇ ਉਨਣ ਜਾਣਦੀਆਂ ਸਨ ਤੇ ਸ਼ਰਨਜੀਤ ਅਚੇਤ ਹੀ ਉਹਨਾਂ ਦੇ ਸੁਪਨੇ ਉਣਨ ਵਿਚ ਸਹਾਈ ਹੋ ਰਿਹਾ ਸੀ। ਮਾਂ ਅਤੇ ਭੈਣਾਂ ਵਲੋਂ ਕਈ ਕਈ ਸਫਿਆਂ ਦੀਆਂ ਚਿੱਠੀਆਂ ਲਿਖੀਆਂ ਹੋਈਆਂ ਉਹਨੂੰ ਆਉਂਦੀਆਂ। ਜਿਨ੍ਹਾਂ ਦੀਆਂ ਤੈਹਾਂ ਹੇਠ ਜ਼ਰੂਰਤੇ-ਜ਼ਿੰਦਗੀ ਦੀਆਂ ਗੱਲਾਂ ਨੂੰ ਅੱਖਰ-ਰਹਿਤ ਹੁੰਦਿਆਂ ਹੋਇਆਂ ਵੀ ਉਹ ਸਮਝ ਜਾਂਦਾ ਸੀ। ਅੱਜ ਉਹਨੂੰ ਸਾਰੇ ਉਹ ਮਿੱਤਰ ਬੜੇ ਯਾਦ ਆਏ ਜਿਹੜੇ ਉਹਦੇ ਦੁੱਖ ਸੁੱਖ ਵਿਚ ਸਦਾ ਸਹਾਈ ਹੋਏ ਸਨ। ਪਰ ਉਹਦਾ ਅਜੇਹਾ ਦੁੱਖ ਕਿਸੇ ਨਾਲ ਵੀ ਵੰਡਿਆ ਨਹੀਂ ਸੀ ਜਾ ਸਕਦਾ। ਬਲਕਿ ਕਿਸੇ ਨੂੰ ਇਹਦਾ ਭੇਦ ਦੇਣਾ ਵੀ ਆਪਣੀ ਖਿੱਲੀ ਉਡਵਾਉਣ ਦੇ ਤੁੱਲ ਸੀ। ਸੋ ਜੇਕਰ ਉਹ ਇਹਨੂੰ ਭੁਗਤੇਗਾ ਤਾਂ ਇਕੱਲਾ ਹੀ। ਜੇ ਉਹ ਇਹਦੀ ਅੱਗ ਵਿਚ ਸੜੇਗਾ ਤਾਂ ਇਕੱਲਾ ਹੀ। ਜੇ ਉਹ ਇਹਦੇ ਵਿਚ ਮਰ ਮੁੱਕੇਗਾ ਤਾਂ ਇਕੱਲਾ ਹੀ।

ਸ਼ਰਨਵੀਰ ਨੂੰ ਇੰਗਲਿਸਤਾਨ ਵਿਚ ਆਇਆਂ ਤਿੰਨ ਮਹੀਨਿਆਂ ਤੋਂ ਉੱਪਰ ਹੋਣ ਲੱਗੇ ਸਨ ਪਰ ਏਡੇ ਛੋਟੇ ਸਮੇਂ ਵਿਚ ਉਹਦੀ ਜ਼ਿੰਦਗੀ ਏਡੀ ਬਦਲ ਜਾਏਗੀ ? ਇਸ ਬਾਰੇ ਉਸ ਕਦੇ ਕਿਆਸਿਆ ਵੀ ਨਹੀਂ ਸੀ। ਅਸਲ ਵਿਚ ਉਹ ਇਸ ਸਭ ਕਾਸੇ ਦਾ ਜ਼ਿੰਮੇਵਾਰ ਆਪਣੇ ਆਪ ਨੂੰ ਹੀ ਠਹਿਰਾ ਰਿਹਾ ਸੀ ਕਿਉਂਕਿ ਉਸਨੇ ਆਦਰਸ਼ਵਾਦ ਦੀ ਥਾਂ ਪਦਾਰਥ-ਵਾਦ ਨੂੰ ਪਹਿਲ ਦੇ ਦਿਤੀ ਸੀ।

ਸ਼ਰਨਵੀਰ ਨੂੰ ਉਹ ਵੇਲਾ ਯਾਦ ਆਇਆ ਜਦੋਂ ਉਹ ਇਕ ਦਿਨ ਕਾਲਜੋਂ ਪੜ੍ਹਾਕੇ ਘਰ ਪੁੱਜਾ ਸੀ ਤਾਂ ਉਨ੍ਹਾਂ ਦੇ ਮਹੱਲੇ ਦਾ ਹਕੀਮ ਮੂਲ ਰਾਜ ਅੰਦਰਲੇ ਦਲਾਨ ਵਿਚ ਇਕ ਅਧਖੜ ਉਮਰ ਦੇ ਤੀਵੀਂ ਮਰਦ ਨਾਲ ਬੈਠਾ ਉਹਦੀ ਮਾਂ ਵਲੋਂ ਬਣਾਇਆ ਚਾਹ ਪਾਣੀ ਛਕ ਰਿਹਾ ਸੀ। ਸ਼ਰਨਵੀਰ ਨੇ ਹਕੀਮ ਜੀ ਤੇ ਆਏ ਸੱਜਣ ਨਾਲ ਹੱਥ ਮਿਲਾਇਆ ਤੇ ਗਹਿਣਿਆਂ ਤੇ ਚਮਕੀਲੇ ਕਪੜਿਆਂ ਨਾਲ ਲੱਦੀ ਹੋਈ ਇਸਤਰੀ ਨੂੰ ਹੱਥ ਜੋੜ ਕੇ ਨਮਸਤੇ ਆਖੀ। ਇਸਤ੍ਰੀ ਆਪਣੇ ਮਰਦ ਨਾਲੋਂ ਉਮਰੋਂ ਵੀ ਛੋਟੀ ਲਗਦੀ ਸੀ ਤੇ ਉਹਦੇ ਨਾਲੋਂ ਚੁਸਤ ਵੀ। ਸਪਸ਼ਟ ਸੀ ਕਿ ਤੀਵੀਂ ਮਰਦ ਉਤੇ ਕਾਬਜ਼ ਸੀ। ਸ਼ਰਨਜੀਤ ਨੂੰ ਛੇਤੀ ਹੀ ਪਤਾ ਲਗ ਗਿਆ ਕਿ ਉਹ ਦੋਵੇਂ ਇੰਗਲੈਂਡ ਵਿਚ ਰਹਿੰਦੇ ਸਨ ਤੇ ਉਹਨਾਂ ਦੀ ਇਕ ਧੀ ਵੀ ਵਿਆਹੁਣ ਯੋਗ ਹੈ ਜਿਸ ਲਈ ਉਹ ਸ਼ਰਨਵੀਰ ਨੂੰ ਵੇਖਣ ਆਏ ਸਨ। ਇਹ ਵੀ ਦਸਿਆ ਗਿਆ ਕਿ ਕੁੜੀ ਨਿੱਕੀ ਹੁੰਦੀ ਹੀ ਇੰਗਲਿਸਤਾਨ ਚਲੇ ਗਈ ਸੀ ਤੇ ਉਥੇ ਹੀ ਪੜ੍ਹੀ ਸੀ। ਇਹ ਵੀ ਦਸਿਆ ਗਿਆ ਕਿ ਭਾਵੇਂ ਕੁੜੀ ਨੇ ਕੋਈ ਯੂਨੀਵਰਸਿਟੀ ਦੀ ਡਿਗਰੀ ਹਾਸਲ ਨਹੀਂ ਕੀਤੀ ਹੋਈ ਪਰ ਉਹਦੀ ਤਾਲੀਮ ਇੰਗਲੈਂਡ ਦੇ ਹਿਸਾਬ ਨਾਲ ਚੰਗੀ ਹੈ ਤੇ ਉਹਦੀ ਤਾਲੀਮ ਭਾਰਤੀ ਤਾਲੀਮ ਦੇ ਮੁਕਾਬਲੇ ਉਤੇ ਤਾਂ ਹੋਰ ਵੀ ਬੜੀ ਵਧੀਆ ਹੈ। ਇਹ ਵੀ ਦਸਿਆ ਗਿਆ ਕਿ ਕੁੜੀ ਚਰਿੱਤ੍ਰ ਦੀ ਬੜੀ ਚੰਗੀ ਹੈ। ਆਉਣ ਵਾਲੇ ਜੋੜੇ ਨੇ ਕੁੜੀ ਦੀਆਂ ਅਨੇਕਾਂ ਪੋਜ਼ਾਂ ਵਿਚ ਖਿੱਚੀਆਂ ਹੋਈਆਂ ਅਨੇਕਾਂ ਰੰਗਦਾਰ ਫੋਟੋਆਂ ਵੀ ਵਿਖਾਈਆਂ। ਕੁੜੀ ਮਾੜੀ ਨਹੀਂ ਸੀ ਦਿਸਦੀ। ਓਹਦੇ ਤਿੱਖੇ ਨਕਸ਼ ਸਨ, ਸੁੰਦਰ ਅੱਖਾਂ ਸਨ, ਜਿਹਨਾਂ ਵਿਚ ਚੁਸਤੀ ਦਾ ਚਾਨਣ ਲਿਸ਼ਕਦਾ ਸੀ। ਉਸਨੇ ਵਾਲ ਕਟਵਾਏ ਹੋਏ ਸਨ ਤੇ ਪੱਛਮੀ ਪਹਿਰਾਵਾ ਪਹਿਨਿਆ

ਹੋਇਆ ਸੀ। ਨਿਰਸੰਦੇਹ ਬੜੀ ਸੁੰਦਰ ਦਿਖਾਈ ਦੇ ਰਹੀ ਸੀ ਉਹ। ਸ਼ਰਨਵੀਰ ਨੂੰ ਲੱਗਾ ਜਿਵੇਂ ਉਹਦੀ ਧੁਰ ਅੰਦਰਲੀ ਆਵਾਜ਼ ਸੁਣੀ ਗਈ ਹੋਵੇ। ਉਸਨੇ ਕਈ ਵੇਰ ਇਹ ਸੁਪਨਾ ਲਿਆ ਸੀ ਕਿ ਉਹ ਕਿਧਰੇ ਕਿਸੇ ਬਾਹਰਲੇ ਮੁਲਕ ਚਲਾ ਜਾਵੇ ਜਿਥੋਂ ਬਹੁਤੇ ਬਹੁਤੇ ਪੈਸੇ ਕਮਾਕੇ ਪਿਓ ਦੇ ਵੇਲਿਆਂ ਦਾ ਚੜ੍ਹਿਆ ਕਰਜ਼ਾ ਲਾਹ ਸਕੇ, ਗਹਿਣੇ ਪਿਆ ਹੋਇਆ ਜੱਦੀ ਮਕਾਨ ਛੁਡਾ ਸਕੇ ਤੇ ਆਪਣੀਆਂ ਤਿੰਨਾਂ ਹੀ ਭੈਣਾਂ ਨੂੰ ਪੜ੍ਹਾਕੇ ਉਨ੍ਹਾਂ ਦੇ ਹੱਥ ਪੀਲੇ ਕਰ ਸਕੇ। ਕਾਲਜਾਂ ਦੀ ਅਧਿਆਪਕੀ ਕਰਕੇ ਉਹਨੂੰ ਇਹ ਸੁਪਨੇ ਪੂਰੇ ਹੁੰਦੇ ਨਹੀਂ ਸਨ ਜਾਪਦੇ। ਕਿਤੇ ਧੁਰ ਅੰਦਰ ਸ਼ਰਨਵੀਰ ਦੇ ਇਹ ਵੀ ਸੁਪਨਾ ਲੁਕਿਆ ਹੋਇਆ ਸੀ ਕਿ ਉਹਦੀ ਵਹੁਟੀ ਬਹੁਤ ਸੋਹਣੀ ਹੋਵੇ। ਮਾਡਰਨ ਵਿਚਾਰਾਂ ਦੀ ਵੀ ਹੋਵੇ ਤੇ ਚੁਸਤ ਵੀ ਬੜੀ ਹੋਵੇ। ਉਹਨੂੰ ਯਕੀਨ ਸੀ ਕਿ ਬਰਤਾਨੀਆ ਵਿਚ ਪਲੀ ਤੇ ਪੜ੍ਹੀ ਹੋਈ ਕੁੜੀ ਜ਼ਰੂਰ ਹੀ ਬੜੇ ਉਚੇ ਤੇ ਆਧੁਨਿਕ ਵਿਚਾਰਾਂ ਦੀ ਮਾਲਕ ਹੋਵੇਗੀ। ਉਸ ਨੇ ਖਿਣਾਂ ਪਲਾਂ ਵਿਚ ਹੀ ਕਪਲਪਨਾ ਦੇ ਸੁਪਨੇ ਬੀਜ ਸੁਟੇ ਤੇ ਝੱਟ ਰਿਸ਼ਤੇ ਦੀ ਪ੍ਰਵਾਨਗੀ ਦੇ ਦਿੱਤੀ।

ਕੁਝ ਹੀ ਮਹੀਨਿਆਂ ਪਿਛੋਂ ਸ਼ਰਨਵੀਰ ਸਾਰੇ ਕਾਗਜ਼ਾਂ ਪੱਤ੍ਰਾਂ ਦੀ ਪੂਰਤੀ ਤੋਂ ਬਾਅਦ ਲੰਡਨ ਦੇ ਹੀਥਰੋ ਏਅਰਪੋਰਟ ਉਤੇ ਆਣ ਪੁੱਜਾ ਤੇ ਆਮਦ ਤੋਂ ਕੁਝ ਹੀ ਦਿਨਾਂ ਬਾਅਦ ਉਹਦੇ ਸੁਪਨਿਆਂ ਦੀ ਰਾਣੀ ਉਹਦੀ ਜੱਫੀ ਵਿਚ ਸੀ ਜਿਸਦੇ ਸਾਹਾਂ ਚੋਂ ਪਿਆਰ ਦੀ ਮਹਿਕ ਆਂਦੀ ਸੀ। ਜਿਸ ਦੇ ਨਕਸ਼ਾਂ ਵਿਚ ਵੀਨਸ ਦੇ ਨਕਸ਼ ਘੁਲੇ ਹੋਏ ਸਨ ਤੇ ਜਿਸ ਦੀਆਂ ਡੂੰਘੀਆਂ ਕਾਲੀਆਂ ਅੱਖਾਂ ਵਿਚ ਅਚੇਤ ਹੀ ਨਸ਼ਾ ਜਿਹਾ ਤਰਦਾ ਸੀ। ਉਹਦਾ ਕੂਲਾ ਜਿਸਮ ਉਸਦੀ ਜੱਫੀ ਚੋਂ ਤਿਲਕ ਤਿਲਕ ਜਾਂਦਾ ਤੇ ਸ਼ਰਨਵੀਰ ਨੂੰ ਲੁਗਦਾ ਜਿਵੇਂ ਉਨ੍ਹਾਂ ਦੀਆਂ ਉਂਗਲਾਂ ਜਦੋਂ ਇਕ ਦੂਜੇ ਨੂੰ ਛੂੰਹਦੀਆਂ ਸਨ ਤੇ ਅੰਗਾਂ ਵਿਚ ਝਰਨਾਟਾਂ ਦਾ ਇਕ ਸੰਗੀਤ ਜਾਗ ਪੈਂਦਾ ਸੀ। ਉਹ ਕੁੜੀ ਕਾਹਦੀ ਸੀ ਕੋਈ ਕਵਿਤਾ ਸੀ ਜਿਸ ਦਾ ਅੰਗ ਅੰਗ ਇਕ ਨੇਮ ਵਿਚ ਬੱਧਾ ਹੋਇਆ ਸੀ। ਭਾਵੇਂ ਇਹ ਕਵਿਤਾ ਹਾਲੀਂ ਆਲੋਚਨਾ ਅਤੇ ਪਰਖ ਦੀਆਂ ਸਤਰਾਂ ਚੋਂ ਗੁਜ਼ਰਨੀ ਸੀ।

ਸਹੁਰਿਆਂ ਨੇ ਸ਼ਰਨਵੀਰ ਤੇ ਲਿੱਲੀ ਨੂੰ ਓਸੇ ਹੀ ਸ਼ਹਿਰ ਵਿਚ ਇਕ ਫਲੈਟ ਕਿਰਾਏ ਉਤੇ ਲੈ ਦਿਤਾ ਤੇ ਇਹ ਵੀ ਕਿਹਾ ਗਿਆ ਕਿ ਜਦੋਂ ਉਹ ਮਕਾਨ ਲੈਣ ਦੇ ਰਤਾ ਕੁ ਯੋਗ ਹੋਏ ਤਾਂ ਯੋਗ ਮਦਦ ਕਰ ਦਿਤੀ ਜਾਵੇਗੀ।

ਭਾਵੇਂ ਸ਼ੁਰੂ ਸ਼ੁਰੂ ਵਿਚ ਸ਼ਰਨਵੀਰ ਨੂੰ ਲਿੱਲੀ ਦੀਆਂ ਆਦਤਾਂ ਤੇ ਬੋਲਚਾਲ ਬੜੀ ਓਪਰੀ ਤੇ ਮਸਨੂਈ ਤੇ ਫਿੱਕੀ ਫਿੱਕੀ ਲਗ ਰਹੀ ਸੀ ਪਰ ਆਦਤ ਅਨੁਸਾਰ ਉਹ ਭਵਿਖ ਵਿਚ ਚੰਗੇ ਤੇ ਸੁਧਰੇ ਹੋਏ ਦਿਨਾਂ ਦੀ ਆਸ ਕਰ ਰਿਹਾ ਸੀ। ਉਂਝ ਵੀ ਕਵਿਤਾ ਵਰਗੀ ਕੁੜੀ ਦਾ ਅਨੰਦ ਮਾਣਦਿਆਂ ਉਹਨੂੰ ਇਹ ਗੱਲਾਂ ਹਾਲੀਂ ਬਹੁਤੀਆਂ ਨਹੀਂ ਸਨ ਖਟਕਦੀਆਂ।

ਵਿਆਹ ਦੇ ਮੁੱਢਲੇ ਦਿਨ ਸੁਪਨਿਆਂ ਵਾਂਗੂੰ ਬੀਤਣ ਲੱਗੇ। ਲਿੱਲੀ ਤੇ ਸ਼ਰਨਵੀਰ ਬਾਹਰ ਪਾਰਕਾਂ ਵਿਚ ਜਾਂਦੇ। ਲੰਡਨ ਦੀਆਂ ਵੇਖਣ ਯੋਗ ਥਾਵਾਂ ਵੇਖਦੇ। ਫਿਲਮਾਂ ਤੇ ਡਰਾਮੇ ਵੀ ਉਹਨਾਂ ਬੜੇ ਵੇਖੇ। ਭਾਵੇਂ ਸ਼ਰਨਵੀਰ ਦੀ ਚੋਣ ਲਿੱਲੀ ਤੋਂ ਬੜੀ ਵੱਖਰੀ ਹੁੰਦੀ ਸੀ ਤੇ ਉਹਨੂੰ ਹਰ ਵੇਰ ਲਿੱਲੀ ਦੀ ਚੋਣ ਨਾਲ ਹੀ ਸਹਿਮਤ ਹੋਣਾ ਪੈਂਦਾ ਸੀ। ਉਹ ਰਾਤੀਂ ਕਿੰਨੀ ਦੇਰ ਤੀਕ ਗੱਲਾਂ ਕਰਦੇ ਰਹਿੰਦੇ। ਪਿਆਰ ਅਤੇ ਕਾਮ ਨਾਲ ਲਬਰੇਜ਼ ਜੱਫੀਆਂ ਪਾਂਦੇ ਰਹਿੰਦੇ। ਜ਼ਿੰਦਗੀ ਸੱਚਮੁੱਚ ਹੀ ਫੁੱਲਾਂ ਦੀ ਸੇਜ ਸੀ ਸ਼ਰਨਵੀਰ ਲਈ। ਭਾਵੇਂ ਕਦੇ ਕਦਾਈਂ ਲਿੱਲੀ ਤੇ ਉਹਦੇ ਬੌਧਿਕ ਅੰਤਰ ਦਾ ਕੋਈ ਨਾ ਕੋਈ ਕੰਡਾ ਉਹਦੀ ਚੇਤਨਾ ਵਿਚ ਜ਼ਰੂਰ ਚੁੱਭ ਜਾਂਦਾ ਸੀ।

ਵਿਆਹ ਦੇ ਕੁਝ ਦਿਨਾਂ ਬਾਅਦ ਜ਼ਿੰਦਗੀ ਦਾ ਸੱਚ ਉਘੜਨ ਲੱਗਾ ਤੇ ਕਵਿਤਾ ਵਰਗੀ ਕੁੜੀ ਅਲੋਚਨਾ ਦੀਆਂ ਸੱਤਰਾਂ ਵਿਚਕਾਰ ਸਹੀ ਕੱਦ ਦੀ ਨਜ਼ਰ ਆਉਣ ਲੱਗੀ। ਲਿੱਲੀ ਨੇ ਫੈਕਟਰੀ ਤੋਂ ਤਿੰਨ ਹਫਤਿਆਂ ਦੀਆਂ ਛੁੱਟੀਆਂ ਲੈ ਰੱਖੀਆਂ ਸਨ ਜਿਹੜੀਆਂ ਇਕ ਇਕ ਕਰਕੇ ਮੁੱਕ ਗਈਆਂ। ਪਹਿਲੇ ਦਿਨ ਕੰਮ ਉਤੇ ਜਾਣ ਤੋਂ ਪਹਿਲਾਂ ਲਿੱਲੀ ਨੇ ਸ਼ਰਨਵੀਰ ਨੂੰ ਹਦਾਇਤਾਂ ਕੀਤੀਆਂ, "ਇਹ ਇੰਡੀਆ ਨਹੀਂ ਜਿਥੇ ਮਰਦ ਔਰਤ ਨੂੰ ਜਿਵੇਂ ਚਾਹੇ ਵਰਤੀ ਜਾਵੇ। ਇਥੇ ਤਾਂ ਬਰਾਬਰ ਦਾ ਕੰਮ ਕਰਨਾ ਪੈਂਦਾ ਤੇ ਬਰਾਬਰ ਦੀਆਂ ਜ਼ਿੰਮੇਵਾਰੀਆਂ ਝੱਲਣੀਆਂ ਪੈਂਦੀਆਂ ਨੇ। ਸਵੇਰੇ ਛੇ ਵਜੇ ਉਠਕੇ ਤੁਸੀਂ ਮੇਰੇ ਲਈ ਚਾਹ ਬਣਾਇਓ ਤੇ ਕਾਰਨ ਫਲੇਕਸ ਦੀ ਪਲੇਟ ਤੇ ਇਕ ਹਾਫ ਬਾਇਲਡ ਐੱਗ ਤਿਆਰ ਹੋਵੇ। ਬਾਕੀ ਤੁਸੀਂ ਚੂੰਕਿ ਸਾਰਾ ਦਿਨ ਘਰ 'ਚ ਵਿਹਲੇ ਹੀ ਹੋਣਾ। ਇਸ ਲਈ ਦਾਲ ਸਬਜ਼ੀ ਬਣਾ ਰੱਖਿਓ। ਰੋਟੀਆਂ ਜੇ ਨਹੀਂ ਲਾਹੁਣੀਆਂ ਆਉਂਦੀਆਂ ਤਾਂ ਮੈਂ ਆਪੇ ਲਾਹ ਲਵਾਂਗੀ।"

ਜਿਸ ਗੱਲ ਨੂੰ ਸ਼ਰਨਵੀਰ ਹਾਸਾ ਹੀ ਸਮਝਦਾ ਸੀ ਉਹ ਅਸਲ ਵਿਚ ਬੜੀ ਸੰਜੀਦਾ ਸੀ। ਜੇ ਉਹ ਉਹਦੇ ਲਈ ਬ੍ਰੇਕਫਾਸਟ ਜਾਂ ਦਾਲ ਸਬਜ਼ੀਆਂ ਬਣਾਉਂਦਾ ਵੀ ਤਾਂ ਲਿੱਲੀ ਪਸੰਦ ਨਾ ਕਰਦੀ। ਉਹ ਖੁਲਮ ਖੁੱਲ੍ਹਾ ਉਹਨੂੰ ਬੇਵਕੂਫ, ਬੁੱਧੂ, ਪਿਛਾਂਹਖਿਚੂ ਤੇ ਜਾਹਲ ਆਖਦੀ ਸੀ ਤੇ ਉਹਦੇ ਬਹੁਤੇ ਪੜ੍ਹੇ ਲਿਖੇ ਹੋਣ ਦੀ ਖਿੱਲੀ ਉਡਾਉਂਦੀ ਸੀ। ਉਹ ਕੁਝ ਹੀ ਦਿਨਾਂ ਵਿਚ ਪਲਾਸਟਿਕ ਦੇ ਫੁੱਲਾਂ ਵਰਗੀ ਹੋ ਗਈ ਸੀ ਜਿਹਨਾਂ ਵਿਚ ਕੋਈ ਮਹਿਕ ਨਹੀਂ ਹੁੰਦੀ। ਉਹ ਕੁਝ ਹੀ ਦਿਨਾਂ ਵਿਚ ਸ਼ੋਅ ਕੇਸ ਵਿਚ ਪਏ ਉਸ ਵਧੀਆ ਹਾਰ ਵਰਗੀ ਹੋ ਗਈ ਸੀ ਜਿਸ ਨੂੰ ਪਹਿਨਣ ਦਾ ਕਿਸੇ ਨੂੰ ਵੀ ਚਾਅ ਨਾ ਹੋਵੇ। ਉਤੋਂ ਦੁਖਾਂਤ ਇਹ ਸੀ ਕਿ ਸ਼ਰਨਵੀਰ ਨੂੰ ਕਿਧਰੇ ਕੰਮ ਨਹੀਂ ਸੀ ਮਿਲ ਰਿਹਾ। ਇਹਨੀਂ ਦਿਨੀਂ ਇੰਗਲੈਂਡ ਵਿਚ ਪੰਦਰਾਂ ਲੱਖ ਲੋਕੀਂ ਵਿਹਲੇ ਸਨ। ਸ਼ਰਨਵੀਰ ਨੂੰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਕੰਮ ਮਿਲਣ ਵਿਚ ਪਹਿਲ ਗੋਰਿਆਂ ਨੂੰ ਹੀ ਦਿਤੀ ਜਾਂਦੀ ਹੀ। ਇਹ ਖਬਰ ਵੀ ਉਹਨੂੰ ਸੋਸ਼ਲ ਸਕਿਉਰਟੀ ਵਲੋਂ ਆ ਗਈ ਸੀ ਕਿ ਜਦੋਂ ਤੀਕ ਕੋਈ ਘਟੋ ਘੱਟ ਛੇ ਮਹੀਨੇ ਏਥੇ ਇਸ ਮੁਲਕ ਵਿਚ ਕੰਮ ਨਹੀਂ ਕਰਦਾ ਉਨੀ ਦੇਰ ਤੀਕ ਉਹਨੂੰ ਬੇਕਾਰੀ-ਭੱਤਾ ਨਹੀਂ ਸੀ ਮਿਲ ਸਕਦਾ। ਨਾਲ ਹੀ ਉਹਨੂੰ ਇਹ ਵੀ ਯਾਦ ਕਰਾਇਆ ਗਿਆ ਕਿ ਚੂੰਕਿ ਉਹਦੀ ਵਹੁਟੀ ਕੰਮ ਕਰਦੀ ਹੈ ਤੇ ਬਰ-ਤਾਨਵੀ ਸਰਕਾਰ ਇਕ ਕਿਸਮ ਦਾ ਮਰਦ ਮੰਗੇਤਰਾਂ ਉਤੇ ਅਹਿਸਾਨ ਹੀ ਕਰਦੀ ਹੈ ਕਿ ਉਹਨਾਂ ਨੂੰ ਇਥੇ ਟਿਕਣ ਦੀ ਇਜਾਜ਼ਤ ਦੇ ਰਹੀ ਹੈ। ਇਸ ਲਈ ਉਹਨੂੰ ਥੋੜ੍ਹੇ ਜਿਹੇ ਸਪਲੀਮੈਂਟਰੀ ਅਲਾਊਂਸ ਤੋਂ ਵਧ ਕੁਝ ਨਹੀਂ ਮਿਲ ਸਕਦਾ। ਪਰ ਸ਼ਰਨਵੀਰ ਨੂੰ ਸਭ ਤੋਂ ਔਖਾ ਕੰਮ ਫਲੈਟ ਦੀ ਚਾਰ ਦੀਵਾਰੀ ਵਿਚ ਰਹਿਕੇ ਦਿਨ ਦਾ ਕੱਟਣਾ ਲਗਦਾ ਸੀ। ਉਹ ਕੁਝ ਲੋਕਾਂ ਨੂੰ ਉਸ ਸ਼ਹਿਰ ਵਿਚ ਜਾਣਦਾ ਸੀ। ਪਰ ਦਿਨ ਵੇਲੇ ਉਹ ਸਾਰੇ ਕੰਮਾਂ ਉਤੇ ਹੁੰਦੇ ਸਨ। ਉਂਝ ਵੀ ਉਹ ਲੋਕ ਇਸ ਮੁਲਕ ਵਿਚ ਏਡੇ ਪੱਕੇ ਪੈਰੀਂ ਜੰਮੇਂ ਹੋਏ ਸਨ ਕਿ ਸ਼ਰਨਵੀਰ ਉਹਨਾਂ ਵਿਚਕਾਰ ਬੈਠਾ ਹੋਇਆ ਵੀ ਆਪਣੇ ਆਪ ਨੂੰ ਇਕੱਲਾ ਹੀ ਸਮਝਦਾ ਸੀ ਤੇ ਜਦੋਂ ਕਦੇ ਸ਼ਰਨਵੀਰ ਸਹੁਰਿਆਂ ਵਲ ਜਾਂਦਾ ਤਾਂ ਮਾਂ ਲਿੱਲੀ ਦੇ ਥੱਕ ਜਾਣ ਦੀਆਂ ਵਧੇਰੇ ਗੱਲਾਂ ਕਰਦੀ ਤੇ ਧੀ ਦੇ ਸੁਹਣਿਆਂ ਤੇ ਚਤਰ ਹੋਣ ਦੀਆਂ ਬਾਤਾਂ ਪਾਉਂਦੀ ਰਹਿੰਦੀ। ਉਹ ਗੱਲਾਂ ਗੱਲਾਂ ਵਿਚ ਇਹ ਵੀ ਸੁਣਾ ਦਿੰਦੀ ਕਿ ਸ਼ਰਨਵੀਰ ਤਾਂ ਬੜਾ ਭਾਗਾਂ ਵਾਲਾ ਹੈ ਜਿਹੜਾ ਉਹਦੀ ਲਿੱਲੀ ਆਸਰੇ ਇੰਗਲੈਂਡ ਪੁੱਜ ਗਿਆ ਹੈ। ਵਰਨਾ ਅੱਜ ਕਲ ਤਾਂ ਇਹ ਲੋਕ ਕਿਸੇ ਨੂੰ ਏਥੇ ਆਉਣ ਦੀ ਇਜਾਜ਼ਤ ਹੀ ਨਹੀਂ ਦਿੰਦੇ।

ਸ਼ਰਨਵੀਰ ਨੂੰ ਸਭ ਤੋਂ ਵਧੇਰੇ ਦੁਖ ਉਦੋਂ ਹੁੰਦਾ ਜਦੋਂ ਲਿੱਲੀ ਅੰਗਰੇਜ਼ੀ ਵਿਚ ਬੋਲਦੀ ਹੋਈ ਅੰਗਰੇਜ਼ੀ ਸਭਿਆਚਾਰ ਦੀਆਂ ਤਾਂ ਸਿਫਤਾਂ ਕਰਦੀ ਪਰ ਭਾਰਤ ਨੂੰ ਕੋਸਦੀ ਨਾ ਥਕਦੀ। ਸ਼ਰਨਵੀਰ ਨੂੰ ਉਹ ਆਖਦੀ ਕਿ ਉਹ ਬੜਾ ਲੱਕੀ ਹੈ ਜੋ ਉਹਦੀ ਬਦੌਲਤ ਆਪਣੇ ਘਰ ਦੀ ਜਹਾਲਤ ਤੋਂ ਨਿਕਲ ਆਇਆ ਹੈ ਆਦਿ ਆਦਿ। ਉਹਦਾ ਅਸਲ ਨਾਮ ਲਲਿਤਾ ਸੀ ਪਰ ਪਤਾ ਨਹੀਂ ਕਿਉਂ ਉਹ ਲਲਿਤਾ ਨਾਲੋਂ ਲਿੱਲੀ ਨੂੰ ਤਰਜੀਹ ਦਿੰਦੀ ਸੀ। ਸ਼ਾਇਦ ਇਸ ਲਈ ਕਿ ਲਿੱਲੀ ਕਹਾਉਣ ਨਾਲ ਅੰਗਰੇਜ਼ਾਂ ਦੇ ਵਧੇਰੇ ਨੇੜੇ ਹੋ ਜਾਂਦੀ

ਸੀ। ਸ਼ਰਨਵੀਰ ਸੋਚਦਾ ਭਲਾ ਜੇਕਰ ਇਹ ਕੁੜੀ ਕਦੇ ਭਾਰਤ 'ਚ ਉਹਦੇ ਸਬੰਧੀਆਂ, ਮਿੱਤਰਾਂ ਅਤੇ ਮਾਂ ਤੇ ਭੈਣਾਂ ਨੂੰ ਮਿਲੇ ਤਾਂ ਕੀ ਪ੍ਰਤੀਕਰਮ ਪੈਦਾ ਕਰੇ ? ਉਹਨੂੰ ਇਹ ਵੀ ਦੁਖ ਹੁੰਦਾ ਕਿ ਲਿਲੀ ਕਦੇ ਵੀ ਆਪਣੀ ਸੱਸ ਤੇ ਨਨਾਣਾਂ ਬਾਰੇ ਗੱਲ ਨਾ ਕਰਦੀ। ਉਹ ਉਹਨਾਂ ਦੀਆਂ ਪਿਆਰ ਨਾਲ ਭਰ-ਪੂਰ ਛੇ ਛੇ ਸਫੇ ਦੀਆਂ ਚਿੱਠੀਆਂ ਦਾ ਕਦੇ ਵੀ ਉੱਤਰ ਨਾ ਦਿੰਦੀ। ਉਹ ਸ਼ਰਨਵੀਰ ਨੂੰ ਉਹਦੀ ਮਾਂ ਦੀ ਸਿਹਤ ਬਾਰੇ ਕਦੇ ਨਾ ਪੁੱਛਦੀ। ਕਿਹੜੀ ਭੈਣ ਦਾ ਕੀ ਨਾਂ ਹੈ ? ਉਹ ਕਿਨਵੀਂ ਵਿਚ ਪੜ੍ਹਦੀ ਹੈ ਤੇ ਕਿਹੜੀ ਦਾ ਕਦੋਂ ਤੇ ਕਿਵੇਂ ਵਿਆਹ ਕਰਨਾ ਹੈ ? ਇਨ੍ਹਾਂ ਗੱਲਾਂ ਦਾ ਲਿੱਲੀ ਨੂੰ ਕੋਈ ਸਰੋਕਾਰ ਨਹੀਂ ਸੀ।

ਕਈ ਵੇਰ ਸ਼ਰਨਵੀਰ ਦਾ ਦਿਲ ਕਰਦਾ ਕਿ ਉਹ ਲਿੱਲੀ ਨੂੰ ਕਹੇ ਕਿ ਉਹ ਦੋਵੇਂ ਉਸ ਸ਼ਹਿਰ ਵਿਚ ਲੱਗੀ ਹੋਈ ਇੰਡੀਅਨ ਫਿਲਮ ਵੇਖਣ ਚੱਲਣ। ਪਰ ਉਹ ਤਾਂ ਸਿਵਾ ਅੰਗਰੇਜ਼ੀ ਫਿਲਮਾਂ ਦੇ ਅਤੇ ਟੈਲੀਵੀਯਨ ਦੇ ਕੁਝ ਵੇਖਦੀ ਹੀ ਨਹੀਂ ਸੀ। ਕਈ ਵੇਰ ਉਹਦਾ ਜੀਅ ਕਰਦਾ ਕਿ ਉਹ ਉਸ ਨਾਲ ਸਾਹਿਤ ਅਤੇ ਸਾਹਿਤਕਾਰਾਂ ਬਾਰੇ ਗੱਲਾਂ ਕਰੇ ਪਰ ਲਿੱਲੀ ਨੂੰ ਤਾਂ ਸਿਵਾ ਪੋਪ ਗੀਤਾਂ ਦੇ ਰਿਚਰਡ ਬਰਟਨ ਵਲੋਂ ਅਲਿਜ਼ਬੈਥ ਟੇਲਰ ਨੂੰ ਦਿਤੇ ਹੀਰਿਆਂ ਦੇ ਤੇ ਸ਼ਹਿਜ਼ਾਦੀ ਐਨ ਦੇ ਘੋੜਿਆਂ ਦੇ ਤੇ ਸ਼ਹਿਜ਼ਾਦਾ ਚਾਰਲਸ ਦੀਆਂ ਦੋਸਤ ਕੁੜੀਆਂ ਨਾਲ ਈਰਖਾ ਪ੍ਰਗਟਾਉਣ ਦੇ ਹੋਰ ਕਿਸੇ ਗੱਲ ਦਾ ਪਤਾ ਹੀ ਨਹੀਂ ਸੀ। ਕਈ ਵੇਰ ਸ਼ਰਨਵੀਰ ਦਾ ਜੀਅ ਕਰਦਾ ਕਿ ਉਹ ਲਿੱਲੀ ਨੂੰ ਆਖੇ ਕਿ ਉਹ ਗੁਲਾਬੀ ਸੂਟ ਪਾਕੇ ਵਿਖਾਵੇ ਜਿਹੜਾ ਉਹਦੀ ਮਾਂ ਨੇ ਭਾਰਤ ਤੋਂ ਏਡੀਆਂ ਰੀਝਾਂ ਨਾਲ ਘੱਲਿਆ ਸੀ ਤੇ ਜਿਸ ਉਤੇ ਉਹਦੀ ਛੋਟੀ ਭੈਣ ਕਮਲਾ ਨੇ ਸੁਹਣੇ ਫੁੱਲ ਬੂਟੇ ਪਾਏ ਸਨ। ਪਰ ਲਿੱਲੀ ਤਾਂ ਅੰਗਰੇਜ਼ੀ ਪਹਿਰਾਵੇ ਤੋਂ ਸਿਵਾ ਕੁਝ ਪਹਿਨਦੀ ਹੀ ਨਹੀਂ ਸੀ।

......ਤੇ ਕੱਲ ਰਾਤੀ ਸ਼ਰਨਵੀਰ ਦਾ ਸਿਰ ਬੜਾ ਹੀ ਦਰਦ ਕਰਦਾ ਸੀ। ਲਿੱਲੀ ਨੇ ਕੋਈ ਪਰਵਾਹ ਨਾ ਕੀਤੀ। ਉਹ ਘੂਕ ਸੁੱਤੀ ਰਹੀ। ਉਹ ਸਾਰੀ ਰਾਤ ਤੜਫਦਾ ਰਿਹਾ। ਮਸਾਂ ਕਿਤੇ ਦਿਨ ਦੇ ਚੜ੍ਹਾਅ ਉਹਨੂੰ ਨੀਦਰ ਪਈ ਸੀ। ਤੇ ਉਸ ਉਦੋਂ ਮਸਾਂ ਹੀ ਅੱਖਾਂ ਖੋਹਲੀਆਂ ਸਨ ਜਦੋਂ ਲਿੱਲੀ ਉੱਚੀ ਉੱਚੀ ਬੋਲਦੀ ਹੋਈ ਉਹਨੂੰ ਬੇਤਹਾਸ਼ਾ ਝੰਜੋੜ ਰਹੀ ਸੀ ਤੇ ਸ਼ਿਕਾਇਤ ਕਰ ਰਹੀ ਸੀ ਕਿ ਅੱਜ ਉਹਦਾ ਚਾਹ ਦਾ ਕੱਪ, ਕਾਰਨ ਫਲੇਕਸ ਦੀ ਪਲੇਟ ਤੇ ਹਾਫ ਬਾਇਲਡ ਐਗ ਕਿਉਂ ਨਹੀਂ ਸੀ ਤਿਆਰ ?

ਸ਼ਰਨਵੀਰ ਨੂੰ ਬਹੁਤ ਗੁੱਸਾ ਆਇਆ। ਉਹ ਹਮੇਸ਼ਾ ਠੰਡੇ ਸੁਭਾਅ ਦਾ ਜਾਣਿਆ ਜਾਂਦਾ ਸੀ ਤੇ ਕਦੇ ਕਿਸੇ ਨੂੰ ਉੱਚੀ ਵੀ ਨਹੀਂ ਸੀ ਬੋਲਦਾ ਹੁੰਦਾ ਪਰ ਇਸ ਅਚਾਨਕ ਤੇ ਵਧੀਕੀ ਵਾਲੇ ਰਵੱਈਏ ਨੇ ਉਹਦਾ ਗੁੱਸਾ ਚੋਟੀ ਉਤੇ ਪੁਜਾ ਦਿਤਾ ਤੇ ਉਸ ਅਚਨਚੇਤ ਲਿੱਲੀ ਦੇ ਮੂੰਹ ਉਤੇ ਥੱਪੜ ਕੱਢ ਮਾਰਿਆ।

ਲਿੱਲੀ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਸ਼ਰਨਵੀਰ ਨੂੰ ਕਮੀਨਾ, ਗਰੀਬ, ਉਜੱਡ ਤੇ ਬਦਤਮੀਜ਼ ਆਖ ਆਖ ਰੋਣ ਲੱਗੀ ਤੇ ਆਪਣਾ ਕੰਮ ਵਾਲਾ ਬੈਗ ਸੰਭਾਲਦੀ ਹੋਈ ਬਾਹਰ ਨਿਕਲ ਗਈ।

ਸ਼ਰਨਵੀਰ ਕਿੰਨੀ ਦੇਰ ਤੀਕ ਮੰਜੇ ਦੀ ਬਾਹੀ ਉਤੇ ਬੈਠਾ ਕੰਬਦਾ ਰਿਹਾ। ਫੇਰ ਉਹ ਰਜ਼ਾਈ ਵਿਚ ਵੜਕੇ ਇਹ ਸੋਚਦਾ ਹੋਇਆ ਸੌਂ ਗਿਆ ਕਿਕਈ ਵੇਰ ਤੀਵੀਂ ਨੂੰ ਛਿੱਤਰ ਹੀ ਸਿੱਧਾ ਕਰਦਾ ਹੈ ਤੇ ਉਹਨੂੰ ਇਹ ਯਕੀਨ ਹੋ ਗਿਆ ਜਾਪਦਾ ਸੀ ਕਿ ਅੱਜ ਤੋਂ ਬਾਅਦ ਵਹੁਟੀ ਦਾ ਰਵੱਈਆ ਉੱਕਾ ਚੁੱਕਾ ਬਦਲ ਜਾਵੇਗਾ।

ਪਰ ਹੁਣ ਜਦ ਕਿ ਸ਼ਾਮ ਦੇ ਸੱਤ ਵੱਜ ਚੁਕੇ ਸਨ ਤੇ ਲਿੱਲੀ ਦੀ ਕੋਈ ਬਿੜਕ ਨਹੀਂ ਸੀ ਆ ਰਹੀ ਤਾਂ ਸ਼ਰਨਵੀਰ ਫਿਕਰਮੰਦ ਜਿਹਾ ਹੋ ਗਿਆ। 'ਸਾਲੀ ਏਡੀ ਜ਼ਿੱਦੀ ਤੇ ਬਦਗਾਨਾ ਜਿਹੀਆਂ ਆਦਤਾਂ ਵਾਲੀ ਔਰਤ ਕਿਧਰੇ ਗੱਡੀ ਥੱਲੇ ਸਿਰ ਦੇਕੇ ਹੀ ਨਾ ਮਰ ਮੁੱਕ ਗਈ ਹੋਵੇ। ਉਸ ਸੋਚਿਆ। ਫੇਰ ਉਸ ਨੂੰ ਖਿਆਲ ਆਇਆ ਕਿ ਸ਼ਾਇਦ ਰੁਸਕੇ ਉਹ ਆਪਣੀ ਮਾਂ ਕੋਲ ਹੀ ਨਾ ਚਲੀ ਗਈ ਹੋਵੇ। ਕੋਟ ਪਹਿਨ ਕੇ ਤੇ ਬੱਤੀਆਂ ਬੁਝਾਕੇ ਉਹ ਟਲੀਫੋਨ ਕਿਉਸਿਕ ਚੋਂ ਆਪਣੇ ਸਹੁਰੇ ਘਰ ਟੈਲੀਫੋਨ ਕਰਨ ਲਈ ਤੁਰ ਪਿਆ।

ਬਾਹਰ ਨਵੰਬਰ ਮਹੀਨੇ ਦੀ ਸ਼ਾਮ ਏਡੀ ਡੂੰਘੀ ਹੋ ਗਈ ਜਾਪਦੀ ਸੀ ਜੀਕੁੰ ਅੱਧੀ ਰਾਤ ਹੋ ਗਈ ਹੋਵੇ। ਗਲੀਆਂ ਦੀਆਂ ਪੀਲੀਆਂ ਬੱਤੀਆਂ ਹਲਕੀ ਹਲਕੀ ਧੁੰਦ ਵਿਚ ਗੁਆਚ ਰਹੀਆਂ ਸਨ। ਸ਼ਰਨਵੀਰ ਦਾ ਮਾਯੂਸ ਦਿਲ ਏਸ ਮਾਯੂਸ ਜਿਹੇ ਵਾਤਾਵਰਣ ਵਿਚ ਹੋਰ ਵੀ ਬੁਝ ਜਿਹਾ ਗਿਆ। ਉਸ ਦੀ ਰੂਹ ਜਿਵੇਂ ਵਲੂੰਧਰੀ ਹੀ ਗਈ ਹੋਵੇ ਤੇ ਉਹਦਾ ਰੋਮ ਰੋਮ ਪੀੜੋ ਪੀੜ ਹੋਇਆ ਪਿਆ ਸੀ।

ਉਸ ਟੈਲੀਫੋਨ ਕੀਤਾ ਤਾਂ ਉਹਦੀ ਸੱਸ ਨੇ ਦੱਸਿਆ ਕਿ ਲਿੱਲੀ ਉਥੇ ਨਹੀਂ ਸੀ ਆਈ ਤੇ ਉਸ ਸ਼ਰਨਵੀਰ ਨੂੰ ਤਾੜਵੀਂ ਆਵਾਜ਼ ਵਿਚ ਪੁੱਛਿਆ ਕਿ ਉਸ ਨੇ ਕਿਧਰੇ ਕੁੜੀ ਨੂੰ ਝਿੜਕਿਆ ਤਾਂ ਨਹੀਂ ਸੀ ਆਦਿ ਆਦਿ। ਪਰ ਇਸ ਸਾਰੀ ਗੱਲਬਾਤ ਤੋਂ ਸ਼ਰਨਵੀਰ ਨੂੰ ਲੱਗਾ ਕਿ ਬੁੱਢੀ ਸੱਚ ਉਤੇ ਪਰਦਾ ਪਾ ਰਹੀ ਸੀ ਤੇ ਉਹਨੂੰ ਕਿਸੇ ਗੱਲ ਦਾ ਪਤਾ ਜ਼ਰੂਰ ਸੀ।

ਸ਼ਰਨਵੀਰ ਘਰ ਜਾਣ ਦੀ ਥਾਂ ਅਗਲੀ ਸਟਰੀਟ ਵਿਚ ਲਿੱਲੀ ਨਾਲ ਕੰਮ ਕਰਦੀ ਇਕ ਔਰਤ ਕੋਲੋਂ ਪਤਾ ਕਰਨ ਗਿਆ। ਇਹ ਸੁਣਕੇ ਤਾਂ ਉਹਦੀ ਖਾਨਿਓਂ ਗਈ ਕਿ ਲਿੱਲੀ ਤਾਂ ਅੱਜ ਕੰਮ ਉਤੇ ਵੀ ਨਹੀਂ ਸੀ ਗਈ। ਉਸ ਨੂੰ ਇਕ ਦਮ ਵਿਆਹ ਵੇਲੇ ਆਖੇ ਕਿਸੇ ਬੰਦੇ ਦੇ ਲਫ਼ਜ਼ ਚੇਤੇ ਆ ਗਏ, "ਚੱਲਿਆ ਹੋਇਆ ਅਨਾਰ ਮਿਲਿਐ ਵਿਚਾਰੇ ਪ੍ਰੋਫੈਸਰ ਨੂੰ" ਉਸ ਵੇਲੇ ਉਹਨੂੰ ਇਹ ਗੱਲ ਸਿਵਾ ਸ਼ਰਾਰਤ ਤੋਂ ਕੁਝ ਨਹੀਂ ਸੀ ਲੱਗੀ। ਪਰ ਅੱਜ ਉਹਨੂੰ ਹਰ ਤਰ੍ਹਾਂ ਦੇ ਖਿਆਲ ਤੰਗ ਕਰ ਰਹੇ ਸਨ।

ਸ਼ਰਨਵੀਰ ਹਵਾ ਦੀ ਤੇਜ਼ੀ ਨਾਲ ਆਪਣੇ ਫਲੈਟ ਵਲ ਪਰਤਿਆ ਤੇ ਰਾਹ ਵਿਚ ਉਹ ਆਪਣੇ ਆਪ ਨੂੰ ਸਮਝਾਉਂਦਾ ਆਇਆਂ ਕਿ ਲਿੱਲੀ ਜ਼ਰੂਰ ਹੀ ਪਰਤ ਆਈ ਹੋਵੇਗੀ। ਪਰ ਫਲੈਟ ਵਿਚ ਘੁੱਪ ਹਨੇਰਾ ਵੇਖ ਉਹਦੇ ਪੈਰ ਮਣ ਮਣ ਭਾਰੇ ਹੋ ਗਏ। ਉਸ ਦੇ ਮੱਥੇ ਤੋਂ ਕੱਚੀਆਂ ਤ੍ਰੇਲੀਆਂ ਵਗਣ ਲੱਗੀਆਂ। ਉਸ ਕੰਬਦੇ ਹੱਥੀਂ ਬੂਹਾ ਖੋਲ੍ਹਿਆ ਤੇ ਬੱਤੀਆਂ ਆਨ ਕਰ ਦਿਤੀਆਂ। ਕਮਰਾ ਉਸੇ ਤਰ੍ਹਾਂ ਬਿਖਰਿਆ ਪਿਆ ਸੀ ਤੇ ਸਾਹਮਣੇ ਅੰਗੀਠੀ ਉੱਤੇ ਲਿੱਲੀ ਦੀ ਤਸਵੀਰ ਜਿਹੜੀ ਵਿਆਹ ਦੇ ਰਜਿਸਟਰੇਸ਼ਨ ਦਫਤਰ ਮੂਹਰੇ ਖਿੱਚੀ ਹੋਈ ਸੀ, ਓਵੇਂ ਦੀ ਓਵੇਂ ਹੀ ਹੱਸ ਰਹੀ ਸੀ। ਟੈਲੀਵੀਜਨ ਉਤੇ ਪਿਆ ਕਲਾਕ ਸਾਢੇ ਅੱਠ ਵਜਾ ਰਿਹਾ ਸੀ। ਰਸੋਈ ਅਤੇ ਡਾਇਨਿੰਗ ਰੂਮ ਵੀ ਭਾਂ ਭਾਂ ਕਰ ਰਹੇ ਸਨ।

ਸ਼ਰਨਵੀਰ ਰੋਬੋਟ ਵਾਂਗ ਕੁਰਸੀ ਉਤੇ ਬਹਿ ਗਿਆ। ਸੋਚ ਜਿਵੇਂ ਪਥਰਾਅ ਬਣ ਗਈ ਸੀ ਉਹਦੀ। ਜਿਸਮ ਜਿਵੇਂ ਜਜ਼ਬਾਤ-ਰਹਿਤ ਧਾਤ ਬਣ ਗਿਆ ਸੀ। ਕਮਰੇ ਦੀਆਂ ਕੰਧਾਂ ਜਿਵੇਂ ਉਸ ਉਤੇ ਡਿਗਣ ਡਿਗਣ ਕਰ ਰਹੀਆਂ ਸਨ। ਉਸ ਦੇ ਪੈਰਾਂ ਹੇਠਲਾ ਫਰਸ਼ ਜਿਵੇਂ ਹੇਠਾਂ ਹੇਠਾਂ ਲਹਿੰਦਾ ਜਾਂ ਰਿਹਾ ਹੋਵੇ। ਇਕ ਪਲ ਸ਼ਰਨਵੀਰ ਨੂੰ ਲੱਗਾ ਜਿਵੇਂ ਉਹ ਬੇਹੋਸ਼ ਹੋ ਰਿਹਾ ਹੋਵੇ। ਪਰ ਅਚਨਚੇਤ ਹੀ ਹੇਠਾਂ ਕਿਸੇ ਨੇ ਬੂਹਾ ਖੋਲ੍ਹਿਆ ਤੇ ਪੌੜੀਆਂ ਚੜ੍ਹਨ ਦੀ ਬਿੜਕ ਆਈ। ਇਹ ਲਿੱਲੀ ਸੀ।

ਸ਼ਰਨਵੀਰ ਦਾ ਦਿਲ ਕੀਤਾ ਕਿ ਉਹ ਉਠ ਕੇ ਉਹਨੂੰ ਜੱਫੀ ਵਿਚ ਲੈ ਲਵੇ ਤੇ ਜ਼ਿੰਦਗੀ ਦਾ ਇਕ ਨਵਾਂ ਕਾਂਡ ਸ਼ੁਰੂ ਕਰਨ ਦੀ ਤਸੱਲੀ ਦੇਵੇ ਤੇ ਪਿਛਲਿਆਂ ਸੜਿਆਂ ਨੂੰ ਭੁਲਾ ਦੇਵੇ ਪਰ ਉਹਦੇ ਅੰਦਰਲੇ ਮਰਦ ਨੇ ਅਜਿਹਾ ਕਰਨੋਂ ਵਰਜ ਦਿਤਾ। ਫੇਰ ਉਹਦਾ ਜੀਅ ਕੀਤਾ ਕਿ ਉਹ ਲਿੱਲੀ ਦੀ ਚੰਗੀ ਤਰ੍ਹਾਂ ਮਾਰ ਕੁਟਾਈ ਕਰੇ ਤੇ ਉਹਨੂੰ ਪੁਛੇ ਕਿ ਉਹ ਹੁਣ ਤੀਕ ਕਿੱਥੇ ਰਹੀ ਸੀ ਤੇ ਸਾਰਾ ਦਿਨ ਫੈਕਟਰੀ ਦੀ ਥਾਂ ਕਿਹੜੇ

ਬਾਕੀ ਸਫ਼ਾ ੨੬ 'ਤੇ

# SPECIAL GRAND OPENING SALE!

**Come visit us for all your grocery requirements. We carry all kinds of East Indian groceries. Not only this, but those special ingredients for your special delicious dishes.**

ਹਰ ਕਿਸਮ ਦੀ ਗਰੋਸਰੀ ਖ੍ਰੀਦਣ ਲਈ ਸਾਡੀ ਦੁਕਾਨ ਤੇ ਆਓ।
ਸਾਡੇ ਕੋਲੋਂ ਹਰ ਕਿਸਮ ਦੀ ਭਾਰਤੀ ਗਰੋਸਰੀ ਮਿਲਦੀ ਹੈ।
ਇਥੇ ਹੀ ਬਸ ਨਹੀਂ ਸਾਡੇ ਕੋਲੋਂ ਸਪੈਸ਼ਲ ਖਾਣਿਆਂ ਵਿਚ ਵਰਤੀਆਂ ਜਾਣ ਵਾਲੀਆਂ ਹਰ ਕਿਸਮ ਦੀਆਂ ਚੀਜ਼ਾਂ ਮਿਲਦੀਆਂ ਹਨ।



PAL

**Super Saver Grocery Store**
**6236 Fraser Street, Vancouver**
**Tel.: Bus.: 324-1838, Res.: 278-5802**

*Time: 9 a.m.-9 p.m. Seven days a week.*

# SEASON'S GREETINGS

from

## KINGSGATE INSURANCE AGENCIES

104 KINGSGATE MALL
370 EAST BROADWAY VANCOUVER, B.C. V5T 4G5



**RIASAT ALI KHAN (President)**
Res: 873-1969



**FAZAL KHAN (Manager)**
Res: 873-1969



**SARAJ KHAN (V. President)**
Res: 112-785-5053
Fort St. John

ਹਰ ਕਿਸਮ ਦਾ ਇੰਸ਼ੋਰੈਂਸ ਕਰਾਉਣ ਲਈ ਸਾਨੂੰ ਮਿਲੋ ਜਾਂ ਫੋਨ ਕਰੋ:

Office Hours:— 9:30 a.m.-6 p.m. Mon., Tues., Wed., Sat.
9:30 a.m.-9 p.m. Thurs., Fri.

— LOTS OF FREE PARKING.

- ★ Auto Insurance & License
- ★ Fire, Theft & Liability
- ★ Life, Accident & Sickness
- ★ Annuities & Pension Plans
- ★ Registered Retirement Savings Plans

YOUR Independent Insurance AGENT "SERVES YOU FIRST"

FOR ALL YOUR INSURANCE NEEDS
KINGSGATE INSURANCE AGENCIES

**Bus. Tel. 872-7827 or 874-2125**

**Res. 873-1969**

# ਪ੍ਰਤੀਬੱਧਤਾ ਬਾਰੇ ਮੇਰੀ ਰਾਇ

ਪਾਸ਼

ਇਸ ਮਸੀਹੀ ਅੰਦਾਜ਼ ਲਈ ਮੈਨੂੰ ਖ਼ਿਮਾ ਕਰਨਾ। ਸ਼ਾਇਦ ਇੰਜ ਮੈਥੋਂ ਆਪ ਸ਼ੈਤਾਨ ਕਰਵਾ ਰਿਹਾ ਹੈ ਜਾਂ ਇਲਹਾਮ ਕਰਵਾ ਰਿਹਾ ਹੈ, ਜਾਂ ਸੋਰੱਸਾਮ ਕਰਵਾ ਰਿਹਾ ਹੈ।

ਕਈ ਵਾਰ ਮੈਂ ਚਾਹੁੰਦਾ ਹਾਂ, ਕਿਸੇ ਤਰ੍ਹਾਂ 'ਪ੍ਰਤੀਬੱਧਤਾ' ਸ਼ਬਦ ਨੂੰ ਭਾਸ਼ਾ ਵਿਚੋਂ ਖ਼ਾਰਜ ਕਰ ਦਿਤਾ ਜਾਏ, ਘਟੋ ਘੱਟ ਪੰਜਾਬੀ 'ਚੋਂ ਤਾਂ ਜ਼ਰੂਰ ਹੀ। ਆਖ਼ਰ ਮਾਨਯੋਗ ਅਗਾਂਹ-ਵਧੂਆਂ ਨੇ ਇਸ ਸ਼ਬਦ ਨੂੰ ਇਸ ਕਾਬਿਲ ਬਣਾ ਹੀ ਦਿਤਾ ਹੈ। ਪ੍ਰਤੀਬੱਧਤਾ ਦੇ ਆਮ ਲਏ ਜਾਂਦੇ ਚਾਲੂ ਅਰਥਾਂ ਤੋਂ ਮੇਰੇ ਮਨ ਵਿਚ ਇਕ ਅਜਿਹੇ ਰਸੋਈਏ ਦਾ ਤਸੱਵਰ ਉਭਰਦਾ ਹੈ ਜੋ ਆਂਡੇ ਦੇ ਖੋਲ ਦੀ ਭੁਰਜੀ ਬਣਾਉਣ 'ਚ ਮਾਹਰ ਹੋਵੇ।

ਸਾਡੇ ਕਾਮਰੇਡਾਂ ਨੂੰ ਸਭ ਪਤਾ ਹੈ ਕਿ ਲੈਨਿਨ, ਮਾਓ ਜਾਂ ਕਿਮ-ਉਲ-ਸੁੰਗ ਨੇ ਮਾਰਕਸਵਾਦ ਬਾਰੇ ਕੀ ਕਿਹਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਸ਼ਬਦਾਂ 'ਚ ਮੌਜੂਦ ਮਾਰਕਸਵਾਦ ਨੂੰ ਜੀਵਨ ਦੇ ਮਾਰਕਸਵਾਦ ਵਿਚ ਬਦਲ ਦੇਣਾ ਹੀ ਮਾਰਕਸਵਾਦੀ ਹੋਣਾ ਹੈ। ਪਰ ਇਸ ਤਰ੍ਹਾਂ ਦੀਆਂ ਕਥਨੀਆਂ ਨੂੰ ਵੀ ਉਹ ਖ਼ੁਦ ਮਾਰਕਸਵਾਦ ਵਾਂਗ ਹੀ ਸ਼ਰਧਾਲੂ ਢੰਗ ਨਾਲ ਵਰਤਦੇ ਹਨ, ਜਿਵੇਂ ਕੋਈ ਮਰੀਜ਼ ਡਾਕਟਰ ਦੇ ਸਵਾਲਾਂ ਨੂੰ ਵੀ ਇਲਾਜ ਦੀਆਂ ਹਦਾਇਤਾਂ ਵਿਚ ਹੀ ਸ਼ਾਮਲ ਕਰ ਲਵੇ। ਇਥੇ ਲੋਕ ਅਜਿਹੇ ਹਨ ਕਿ ਪਲੈਖਾਨੋਵ ਵੇਲੇ ਪਿਛਲੀ ਸਦੀ 'ਚ ਉਠੇ ਮਸਲੇ 'ਕਲਾ ਕਲਾ ਲਈ ਜਾਂ ਕਲਾ ਜ਼ਿੰਦਗੀ ਲਈ' ਨੂੰ ਸਭਾਵਾਂ, ਗੋਸ਼ਟੀਆਂ ਅਤੇ ਘਰ ਬਹਿ ਕੇ ਲਿਖੇ ਲੇਖਾਂ ਵਿਚ ਇੰਜ ਛੇੜਦੇ ਹਨ, ਜਿਵੇਂ ਕੋਈ ਨਵਾਂ ਨਕੋਰ ਚੂਚਾ ਤਲੀ ਉਤੇ ਰੱਖ ਕੇ ਛਾਲ ਮਰਵਾਈਦੀ ਹੈ। ਅਜਿਹੀ ਮਤੇਬਾਜ਼ੀ ਤੋਂ ਇਕ ਨਿਰਣਾ ਇਹ ਵੀ ਨਿਕਲ ਸਕਦਾ ਹੈ ਕਿ ਕਲਾ ਨਾ ਕਲਾ ਲਈ ਨਾ ਜ਼ਿੰਦਗੀ ਲਈ, ਸਗੋਂ 'ਕਲਾ' ਕਾਗ਼ਜ਼ਾਂ ਦੇ ਖ਼ਿਲਾਫ਼ ਲੜਾਈ ਲਈ ਇਕ ਹਥਿਆਰ ਹੈ। ਇਥੇ ਲੋਕ ਅਜਿਹੇ ਹਨ ਕਿ 'ਵਿਸ਼ਾ ਪ੍ਰਮੁੱਖ ਹੈ ਜਾਂ ਰੂਪ' ਨੂੰ ਇੰਜ ਉਛਾਲਦੇ ਹਨ ਕਿ ਵਿਸ਼ਾ ਅਤੇ ਰੂਪ ਦੋਵੇਂ ਬੇਲੋੜੇ ਜਾਪਣ ਲੱਗ ਸਕਦੇ ਹਨ। 'ਸਾਹਿਤ ਲੋਕਾਂ ਲਈ' ਦਾ ਸ਼ਬਦ ਸੁੰਗੜ ਕੇ 'ਲੋਕ ਸਾਹਿਤ' ਰਹਿ ਜਾਂਦਾ ਹੈ ਅਤੇ ਮਗਰੋਂ ਫੈਲ ਕੇ "ਸਾਹਿਤ ਲੋਕਾਂ ਦਾ, ਲੋਕਾਂ ਦੁਆਰਾ" ਬਣ ਜਾਂਦਾ ਹੈ। ਹੌਲੀ ਹੌਲੀ ਲੋਕ ਸ਼ਬਦ ਰਗੜੇ ਵਿਚ ਘਸ ਜਾਂਦਾ ਹੈ — 'ਸਾਹਿਤ...ਦਾ,...ਦੁਆਰਾ' ਰਹਿ ਜਾਂਦਾ ਹੈ। ਜਿਵੇਂ ਗੁਰੂ ਦਾ ਦੁਆਰਾ ਜਾਂ 'ਗੁਰਦੁਆਰਾ।'

ਸੋਚਣ ਦੀ ਮਾਰਕਸੀ ਵਿਧੀ ਸਾਡੇ ਲੋਕਾਂ ਤਾਈਂ ਇੰਜ ਅੱਪੜੀ ਹੈ ਜਿਵੇਂ ਕਿਹਾ ਜਾਵੇ: 'ਪੂਛ ਲੰਘ ਗਈ, ਹਾਥੀ ਰਹਿ ਗਿਆ।'

ਕੀ ਤੁਹਾਨੂੰ ਅਖਾਣ ਦੇ ਇਸ ਰੂਪ ਉਤੇ ਹਾਸਾ ਆਉਣ ਤੋਂ ਬਿਨਾਂ ਇਹ ਖ਼ਿਆਲ ਨਹੀਂ ਆਇਆ ਕਿ ਹਾਥੀ ਪੁੱਠਾ ਲੰਘ ਰਿਹਾ ਹੈ? ਹਾਂ, ਦੁਖਦਾਇਕ ਹਾਦਸਾ ਹੈ ਈ ਇਹੋ ਕਿ ਹਾਥੀ ਪੁੱਠਾ ਲੰਘ ਰਿਹਾ ਹੈ। ਇਹ ਨਵਾਂ ਅਖਾਣ ਤਾਂ ਉਸ ਦੀ ਬਾਈ ਪ੍ਰੋਡਕਟ ਹੈ।

ਪੰਜਾਬੀ ਦੇ ਹਰ ਅਗਾਂਹਵਧੂ ਲਿਖਾਰੀ ਨੂੰ ਪਤਾ ਹੈ ਕਿ ਸਮਾਜ ਵਿਚ ਲੁੱਟਦੀ ਅਤੇ ਲੁਟੀਂਦੀ ਦੋ ਜਮਾਤਾਂ ਹਨ। ਲੋਟੂ ਦੇ ਖ਼ਿਲਾਫ਼ ਲੁੱਟ ਹੋ ਰਹੀ ਜਮਾਤ ਦੇ ਹੱਕ ਵਿਚ ਖਲੋਣਾ ਚਾਹੀਦਾ ਹੈ। ਇਹ ਸਭ ਨੂੰ ਪਤਾ ਹੈ ਅਤੇ ਸਭ ਨੂੰ ਇਹ ਹੀ ਪਤਾ ਹੈ। ਸਭ ਨੂੰ ਜੋ ਪਤਾ ਹੈ ਉਹ ਬਕਵਾਸ ਹੈ, ਸਾਹਿਤ ਨਹੀਂ। ਉਪਰੋਕਤ ਇਕੋ ਹੀ ਫ਼ਿਕਰੇ ਨੂੰ ਸੈਂਕੜੇ ਤਰਤੀਬਾਂ ਨਾਲ ਫੈਲਾ ਕੇ ਲਿਖਣਾ ਕੇਵਲ ਸਾਹਿਤ ਨਾਲ ਵੈਰ ਵਿਰੋਧ ਹੀ ਜ਼ਾਹਿਰ ਕਰਦਾ ਹੈ। ਇਸ ਨਾਲ ਕਿਸੇ ਜਮਾਤ ਦਾ ਵਿਰੋਧ ਨਹੀਂ ਹੋ ਸਕਦਾ।

ਹਰ ਖੇਤਰ ਬਾਰੇ ਦੁਨੀਆਂ ਵਿਚ ਅਜੀਬੋ ਗ਼ਰੀਬ ਮਿਸਾਲਾਂ ਮਿਲਦੀਆਂ ਹਨ ਇਕ ਇਹ ਵੀ ਕਿ ਜ਼ੁਕਾਮ ਹੋਏ ਤੋਂ ਨਹਾ ਰਿਹਾ ਬੰਦਾ ਪੂਰੀ ਡੂੰਘਿਆਈ ਨਾਲ ਵਿਸ਼ਵਾਸ ਕਰ ਰਿਹਾ ਹੈ ਕਿ ਜ਼ੁਕਾਮ ਹੋਏ ਤੋਂ ਨਹਾਉਣਾ ਚੰਗਾ ਨਹੀਂ। ਉਹ ਆਦਮੀ ਆਪਣੀ ਸੋਚ ਵਿਚ ਪੂਰਾ ਸੁਹਿਰਦ ਹੈ ਅਤੇ ਨਹਾਉਣ ਵਿਚ ਵੀ। ਉਹ ਬੀਤ ਰਹੇ ਪਲ ਤੋਂ ਬਿਨਾਂ ਸਰਵ ਸਮਿਆਂ ਲਈ ਇਸ ਸੱਚਾਈ ਨੂੰ ਅਟੱਲ ਸਮਝ ਰਿਹਾ ਹੈ। ਇਸ ਆਦਮੀ ਦਾ ਤੁਸੀਂ ਕੀ ਵਿਗਾੜ ਲਓਗੇ? ਕੀ ਕਰ ਲਓਗੇ ਤੁਸੀਂ ਉਸ ਦਾ? ਵੱਧ ਤੋਂ ਵੱਧ ਇਹੋ ਨਾ, — ਕਿ ਉਸ ਦੇ ਨਹਾਉਣ ਉਤੇ ਇਕ ਰੀਵਿਊ ਲਿਖੋ: ਬਾਈ ਸਿਹੁੰ ਦਾ ਅਨੁਭਵ ਸੁਹਿਰਦ ਹੈ, ਬਿਆਨ ਵਿਲੱਖਣ ਹੈ, ਵਿਕੋਲਿਤਰਾ ਹੈ।

ਸਾਡੇ ਲੇਖਕ ਇਹ ਨਹੀਂ ਸਮਝਦੇ ਕਿ ਸੁਹਿਰਦਤਾ ਇਕ ਗਾਲ੍ਹ ਹੈ, ਇਹ ਵਿਲੱਖਣਤਾ ਇਕ ਡਾਂਗ ਹੈ ਜੋ ਆਲੋਚਕ ਤੁਹਾਡੇ ਸਿਰ ਵਿਚ ਮਾਰਦੇ ਹਨ। ਜੇ ਅਲੋਚਕ ਕਿਸੇ ਨੂੰ ਸੁਹਿਰਦ ਸਾਹਿਤਕਾਰ ਆਖ ਦਏ ਤਾਂ ਉਸ ਗ਼ਰੀਬ ਦਾ ਸੋਚਣਾ ਬਣਦਾ ਹੈ ਕਿ ਇਸ ਲਕਬ ਤੋਂ ਕਿਵੇਂ ਛੁੱਟੇ। ਅਜਿਹਾ ਲਿਖਣ ਦਾ ਕੋਈ ਰਾਹ ਲੱਭੇ ਕਿ ਆਲੋਚਕ ਮੌਜ ਨਾਲ ਸੁਹਿਰਦ ਸਾਹਿਤਕਾਰ ਕਹਿ ਕੇ ਗਲੋਂ ਨਾ ਲਾਹ ਸਕੇ। ਇਸ ਲਈ ਨਹੀਂ ਕਿ ਆਲੋਚਕ ਦੇ ਉਲਟ ਚੱਲਣਾ ਕੋਈ ਸਾਨ੍ਹੇ ਦਾ ਤੇਲ ਹੈ, ਸਗੋਂ ਇਸ ਲਈ ਕਿ ਸੁਹਿਰਦਤਾ ਸਾਹਿਤਕਾਰ ਦੀ ਕੋਈ ਖ਼ੂਬੀ ਨਹੀਂ। ਇਸ ਲਈ ਵੀ ਕਿ ਤੁਸੀਂ ਸੰਤਪੁਣੇ ਦੇ ਸਾਧਕ ਨਹੀਂ ਹੋ। ਨਹੀਂ, ਉਸ ਤੋਂ ਕਿਤੇ ਵਧੇਰੇ ਕਠਿਨ ਸਾਧਨਾ ਹੈ ਤੁਹਾਡੀ। ਤੁਸੀਂ ਕਿਸੇ ਰੱਬ ਨੂੰ ਪਾਉਣ ਲਈ ਜਾਨ ਨਹੀਂ ਹੀਲ ਰਹੇ, ਸਗੋਂ ਇਕ ਖ਼ੁਦਮੁਖ਼ਤਾਰ ਰੱਬ ਬਣ ਕੇ ਜਹਾਨ ਸਿਰਜਣੇ ਹਨ ਤੁਸਾਂ। 'ਸੁਹਿਰਦ ਸਾਹਿਤਕਾਰ' ਇਕ ਅਜਿਹਾ ਸ਼ਬਦ ਹੈ ਜੀਹਦੇ ਕੋਈ ਅਰਥ ਨਹੀਂ। 'ਜਿਊਂਦੀ ਲਾਸ਼' ਹਾਲਾਂ ਕਵਿਤਾ ਦਾ ਸਿੰਬਲ ਹੋ ਸਕਦਾ ਹੈ ਮੁਰਦਾ ਲਾਸ਼ ਕੋਈ ਸ਼ਬਦ ਨਹੀਂ ਹੋ ਸਕਦਾ। ਜੇ ਤੁਹਾਡੇ ਅੰਦਰ ਸਿਰਜਣਾਤਮਕ ਸੰਵੇਦਨਾਵਾਂ ਹੈਣ ਤਾਂ ਭੂਤਾਂ ਪ੍ਰੇਤਾਂ ਦੀ ਕੋਈ ਫ਼ੌਜ ਵੀ ਤੁਹਾਨੂੰ ਅਸਹਿਰਦ ਨਹੀਂ ਬਣਾ ਸਕਦੀ। ਸੁਹਿਰਦਤਾ ਸਾਹਿਤਕਾਰ ਦੀ ਸਿਫ਼ਤ ਨਹੀਂ, ਮਜਬੂਰੀ ਹੈ ਸੁਹਿਰਦਤਾ। ਲੰਗੜਾ ਕੇ ਤੁਰਨਾ ਲੰਗੜੇ ਦਾ ਕਮਾਲ ਨਹੀਂ, ਸਗੋਂ ਉਹ ਲੰਗੜਾ ਹੀ ਏਸੇ ਕਰਕੇ ਹੈ ਕਿ ਉਸ ਨੂੰ ਲੰਗੜਾ ਕੇ ਤੁਰਨਾ ਪੈ ਰਿਹਾ ਹੈ।

ਪ੍ਰਤੀਬੱਧਤਾ ਓਨਾ ਕਹਿਣ ਸੁਣਨ ਦਾ ਮਸਲਾ ਨਹੀਂ ਜਿੰਨਾ ਮਨੋਵਿਗਿਆਨਕ ਹੈ। ਹੋ ਸਕਦਾ ਹੈ ਤੁਹਾਡੀ ਬਹੁਤੀ ਹਾਲ ਦੁਹਾਈ ਉਸ ਚੀਜ਼ ਬਾਰੇ ਹੋਵੇ ਜੋ ਤੁਸੀਂ ਹਾਸਲ

ਕਰਨੀ ਚਾਹੁੰਦੇ ਹੋ ਅਤੇ ਜੋ ਤੁਹਾਡੇ ਕੋਲ ਨਹੀਂ ਹੈ। ਲਿਖਤ ਦੇ ਮਾਮਲੇ ਵਿਚ, ਤੁਹਾਡੀ ਪ੍ਰਤੀਬੱਧਤਾ ਤੁਹਾਡੇ ਅੰਦਰਲੇ ਸੰਸਾਰ ਨਾਲ ਹੈ, ਬਾਹਰਲੇ ਨਾਲ ਨਹੀਂ। ਨੌਜੁਆਨ ਸਭਾਵਾਂ, ਸਾਹਿਤ ਸਭਾਵਾਂ ਅਤੇ ਕਿਸਾਨ ਸਭਾਵਾਂ ਦੀ ਬਖ਼ਸ਼ੀ ਹੋਈ ਪ੍ਰਤੀਬੱਧਤਾ ਬਾਹਰਮੁਖੀ ਜਗਤ ਦੀਆਂ ਸਚਾਈਆਂ ਨਾਲ ਵਾਸਤਾ ਰੱਖਦੀ ਹੈ। ਜੇ ਤੁਸੀਂ ਟ੍ਰੇਡ ਯੂਨੀਅਨ ਦੇ ਕਾਰਿੰਦੇ ਹੋ ਤਾਂ ਤੁਹਾਨੂੰ ਇਸ ਪ੍ਰਤੀਬੱਧਤਾ ਦੀ ਫ਼ੌਰੀ ਕਾਰਗਰਤਾ ਦੀ ਲੋੜ ਹੈ। ਪਰ ਜੇ ਤੁਸੀਂ ਸਾਹਿਤਕਾਰ ਹੋ ਤਾਂ ਤੁਹਾਨੂੰ ਅੰਦਰਲੇ ਸੰਸਾਰ ਨਾਲ ਬਾਹਰਮੁਖੀ ਪ੍ਰਭਾਵਾਂ ਦੇ ਟਕਰਾਅ ਵਿਚੋਂ ਪੈਦਾ ਹੋਏ ਤਣਾਓ ਦੀ ਲੋੜ ਹੈ। ਬਾਹਰਮੁਖੀ ਸਚਾਈਆਂ (ਜਿਥੋਂ ਤੱਕ ਭੌਤਿਕਵਾਦ ਦੇ ਵਿਗਿਆਨਕ ਫ਼ਲਸਫ਼ੇ ਦਾ ਸੰਬੰਧ ਹੈ) ਨਿਰਸੰਦੇਹ ਅੰਤਿਮ ਹਨ। ਪਰ ਸਾਹਿਤ ਸਿਰਜਣ ਦੇ ਮਾਮਲੇ ਵਿਚ ਤੱਥਾਂ ਜਿੰਨਾ ਹੀ ਹੱਥ ਕਲਪਨਾ ਦਾ ਹੁੰਦਾ ਹੈ। ਸਭਾ ਸੁਸਾਇਟੀਆਂ ਦੀ ਪ੍ਰਤੀਬੱਧਤਾ ਤੁਹਾਡੀ ਕਲਪਨਾ ਨੂੰ ਸੂਝ-ਮੁਖੀ ਬਣਾਉਂਦੀ ਹੈ, ਤੁਹਾਡੀ ਸੂਝ ਨੂੰ ਕਲਪਨਾ-ਮੁਖੀ ਨਹੀਂ ਬਣਾ ਸਕਦੀ। ਇਹ ਤੁਹਾਡੀ ਪਸੰਦ ਉਤੇ ਹੈ ਕਿ ਤੁਸੀਂ ਦੋਹਾਂ 'ਚੋਂ ਕਿਹੜੀ ਸੂਰਤ ਖਰੀ ਸਮਝਦੇ ਹੋ।

ਏਂਗਲਜ਼ ਦੇ ਸਣੇ ਸਾਰੇ ਮਹਾਨ ਸਮਾਜਵਾਦੀ ਮੋਢੀ ਸਿਧਾਂਤਕਾਰਾਂ ਨੇ ਇਕ ਜਾਂ ਵੱਧ ਕਵਿਤਾਵਾਂ ਲਿਖੀਆਂ ਹਨ। ਇਹ ਉਨ੍ਹਾਂ ਰਾਜਸੀ ਮਾਹਿਰਾਂ ਦੀ ਖ਼ੁਸ਼ੀ ਹੈ। ਬਹੁਤਿਆਂ ਨੇ ਸਾਹਿਤ ਅਤੇ ਕਲਾ ਸੰਬੰਧੀ ਆਪਣੇ ਵਿਚਾਰ ਵੀ ਪ੍ਰਗਟਾਏ ਹਨ। ਇਹ ਵੀ ਉਨ੍ਹਾਂ ਰਾਜਸੀ ਮਾਹਿਰਾਂ ਦੀ ਖ਼ੁਸ਼ੀ ਹੈ। ਅੱਜ ਕਲ੍ਹ ਦੇ ਰਾਜਸੀ ਲੜਾਕੇ ਵੀ ਕਵਿਤਾਵਾਂ ਲਿਖਣ, ਅਤੇ ਸਾਹਿਤ ਕਲਾ ਸੰਬੰਧੀ ਆਪਣੇ ਵਿਚਾਰ ਪਰਗਟ ਕਰਨ, ਇਹ ਉਨ੍ਹਾਂ ਦੀ ਖ਼ੁਸ਼ੀ ਹੈ, ਸਮਰੱਥਾ ਦੀ ਗੱਲ ਹੈ। ਇਸ ਸਭ ਕਾਸੇ ਦਾ ਕਦੀ ਵੀ ਸਾਹਿਤਕਾਰਾਂ ਨਾਲ ਬਹੁਤਾ ਡੂੰਘਾ ਸੰਬੰਧ ਨਹੀਂ ਰਿਹਾ, ਨਾ ਹੋਣਾ ਚਾਹੀਦਾ ਹੈ।

ਦੁਨੀਆਂ ਦੀ ਕੋਈ ਵੀ ਸਚਾਈ ਤੁਹਾਡੇ ਲਈ ਨਹੀਂ। ਪਲੈਖਾਨੋਵ, ਲੈਨਿਨ ਲੂਨਾਚਾਰਸਕੀ, ਟ੍ਰਾਟਸਕੀ ਜਾਂ ਮਾਓ-ਜ਼ੇ-ਤੁੰਗ ਦੇ ਕਲਾ ਸੰਬੰਧੀ ਨਿਰਣਿਆਂ ਦਾ ਆਪ ਜੀ ਨਾਲ ਕੋਈ ਵਾਸਤਾ ਨਹੀਂ ਹੈ ਜੇ ਤੁਸੀਂ ਮੱਖਣ ਅਤੇ ਰਿੜਕਣ ਦੀ ਕ੍ਰਿਆ ਨੂੰ ਇਕੋ ਚੀਜ਼ ਸਮਝਦੇ ਹੋ। ਕੋਈ ਸੱਚਾਈ ਕਿੰਨੀ ਸੰਮਤ ਵਿਚ, ਕਿਸ ਸਮਾਜ ਦੀਆਂ ਕਿਹੜੀਆਂ ਸਥਿਤੀਆਂ ਵਿਚ, ਕਿਨ੍ਹਾਂ ਕੌਮਾਂਤਰੀ ਤੇ ਬ੍ਰਹਿਮੰਡੀ ਹਾਲਤਾਂ 'ਚ, ਕਿਹੜੀਆਂ ਕਦਰਾਂ ਦੇ ਟਕਰਾਓ ਵਿਚੋਂ ਉਪਜੀ, ਜੇ ਤੁਸੀਂ ਸਮਾਜ ਸ਼ਾਸਤ੍ਰਿਕ ਢੰਗਾਂ ਨਾਲ ਇਹ ਵਿਵੇਚਣ ਨਹੀਂ ਕਰਨਾ ਤਾਂ ਤੁਹਾਨੂੰ ਜਟਕਾ ਮਸ਼ਵਰਾ ਹੈ ਕਿ ਉਸ ਸੱਚਾਈ ਉਤੇ ਧਿਆਨ ਨਾ ਦਿਓ। ਉਹ ਧੂਫ ਦੇਣ ਯੋਗ ਤਾਂ ਹੈ, ਪਰ ਉਸ ਨੂੰ ਹੇਠਾਂ ਉਤੋਂ ਚੁੰਮਿਆ ਨਹੀਂ ਜਾ ਸਕਦਾ।

ਲੂਨਾਚਾਰਸਕੀ ਵਲੋਂ ਵਿੱਦਿਆ ਵਿਭਾਗ ਦੀ ਕੋਮੀਸਾਰੀ ਵਜੋਂ ਵਰਤੇ ਪੈਂਤੜੇ ਵੀ ਪੰਜਾਬ ਵਿਚ ਵਰਤਣ ਲਈ ਅਯੋਗ ਹਨ, ਸਾਹਿਤ ਕਲਾ ਤਾਂ ਦੂਰ ਦੀ ਗੱਲ ਹੈ। ਪੰਜਾਬੀ ਲੇਖਕਾਂ ਦੇ ਪੜ੍ਹਨ ਲਈ ਰੂਸੀ ਸੋਸ਼ਲ ਡੈਮੋਕ੍ਰੇਟ ਪਾਰਟੀ ਦੀ ੧੯੦੩ ਈ: ਦੀ ਜਨੇਵਾ-ਲੰਡਨ ਕਾਨਫ਼ਰੰਸ ਵਿਚਲੇ ਲੈਨਿਨ ਅਤੇ ਪਲੈਖਾਨੋਵ ਦੇ ਆਪਸੀ ਤਕਰਾਰ ਤਾਂ ਦਿਲਚਸਪ ਹੋ ਸਕਦੇ ਹਨ। ਉਨ੍ਹਾਂ ਇਹ ਚੀਜ਼ਾਂ ਵੀ ਦਿਲਚਸਪ ਹੋ ਸਕਦੀ ਹੈ ਕਿ ਯੇਨਾਂਗ ਗੋਸ਼ਟੀ ਵਿਚ ਭਾਸ਼ਣ ਕਰਨ ਲਈ ਮਾਓ ਕਿਸ ਜਗ੍ਹਾ ਤੋਂ ਚੱਲ ਕੇ ਆਇਆ ਸੀ, ਮਗਰੋਂ ਕਿਥੇ ਅਤੇ ਕਿਉਂ ਗਿਆ। ਇਸ ਸਭ ਕਾਸੇ ਨੂੰ ਦਿਲਚਸਪੀ ਨਾਲ ਪੜ੍ਹਦੇ ਹੋਏ ਇਹ ਨੋਟ ਕਰਨ ਨਾਲ ਵੀ ਰੂਹ ਨੂੰ ਪਾਪ ਨਹੀਂ ਲਗੇਗਾ ਕਿ ਯੇਨਾਂਗ ਗੋਸਟੀ ਦੇਸ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਨਹੀਂ ਸੀ ਹੋਈ ਅਤੇ ਪੰਜਾਬ ਉਤੇ ਜਾਪਾਨ ਜਾਂ ਸਾਮਰਾਜ ਨੇ ਫ਼ੌਜੀ ਹਮਲਾ ਨਹੀਂ ਕੀਤਾ ਹੋਇਆ।

ਜੇ ਤੁਹਾਡੀ ਬੋਲੀ ਦੇ ਸਾਹਿਤ ਦਾ ਪੜ੍ਹਨ-ਘੇਰਾ ਲੱਖ ਤੋਂ ਵੀ ਘੱਟ ਵਿਦਿਆਰਥੀਆਂ ਅਤੇ ਅਧਿਆਪਕ ਕਿਸਮ ਦੇ ਲੋਕ ਹੋਣ ਤਾਂ ਇਹ ਗੱਲ ਕਿ ਸਾਹਿਤ ਸਿਪਾਹੀਆਂ ਬਾਰੇ ਹੋਣਾ ਚਾਹੀਦਾ ਹੈ, ਮਜ਼ਦੂਰਾਂ ਜਾਂ ਕਿਸਾਨਾਂ ਬਾਰੇ ਹੋਣਾ ਚਾਹੀਦਾ ਹੈ ਕੇਵਲ ਇਕ ਪਾਗਲ ਦੀ ਬੱਕੜਵਾਹ ਹੈ। ਇਹ ਸਿਰਫ਼ ਇਕ ਪੁੱਠੀ ਪੜ੍ਹਤ ਹੈ ਕਿ ਸਾਹਿਤ ਉਨ੍ਹਾਂ ਬਾਰੇ ਨਹੀਂ ਹੋਣਾ ਚਾਹੀਦਾ ਜੋ ਇਸ ਨੂੰ ਪੜ੍ਹਦੇ ਜਾਂ ਲਿਖਦੇ ਹਨ, ਸਗੋਂ ਉਨ੍ਹਾਂ ਤੋਂ ਛੁੱਟ ਸਾਰਿਆਂ ਤਬਕਿਆਂ ਲਈ ਹੋਣਾ ਚਾਹੀਦਾ ਹੈ।

ਮੈਂ ਕਹਿੰਦਾ ਹਾਂ ਮਾਰਕਸੀ ਸਾਹਿਤਕਾਰਾਂ ਨੂੰ ਇਸ ਗੱਲ ਉਤੇ ਫ਼ਖ਼ਰ ਹੋਣਾ ਚਾਹੀਦਾ ਹੈ ਕਿ ਜਿਸ ਬਾਲਸ਼ਵਿਕ ਪਾਰਟੀ ਨੂੰ ਆਰਥਕ ਤੌਰ ਤੇ ਪਾਲਣ ਲਈ ਮੈਕਸਿਮ ਗੋਰਕੀ ਦਾ ਕਿਸੇ ਵੀ ਦੂਸਰੇ ਬੰਦੇ ਤੋਂ ਵੱਧ ਯੋਗਦਾਨ ਸੀ, ਉਸ ਦੀ ਹਕੂਮਤ ਬਣਨ ਮਗਰੋਂ ਇਹ ਮੈਕਸਿਮ ਗੋਰਕੀ ਹੀ ਸੀ ਜਿਸ ਨੂੰ ਆਪਣੀ ਅਖ਼ਬਾਰ 'ਨੋਵਾਇਆ ਜੀਜ਼ਨ' ਵਿਚ ਬਾਲਸ਼ਵਿਕਾਂ ਦੀ ਮਰਜ਼ੀ ਤੋਂ ਉਲਟ ਜਾਣ ਲਈ ਪੈਂਤੀ ਹਜ਼ਾਰ ਰੂਬਲ ਜੁਰਮਾਨਾ ਕੀਤਾ ਗਿਆ। ਮਾਰਕਸੀ ਸਿਆਸਤਦਾਨਾਂ ਨੂੰ ਇਸ ਗੱਲ ਤੇ ਫ਼ਖ਼ਰ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਉਸ ਮੈਕਸਿਮ ਗੋਰਕੀ ਦੀ ਆਵਾਜ਼ ਉਤੇ ਪੈਂਤੀ ਹਜ਼ਾਰ ਰੂਬਲ ਜੁਰਮਾਨਾ ਕੀਤਾ ਗਿਆ, ਜੋ ਜ਼ਾਰਾਂ ਦੀ ਹਕੂਮਤ ਵੇਲੇ ਦੋ ਦੋ ਰੂਬਲ ਮਹੀਨਾ ਤਨਖ਼ਾਹ ਉਤੇ ਭਾਂਡੇ ਮਾਂਜਦਾ ਰਿਹਾ ਸੀ। ਅਤੇ ਮੈਂ ਕਹਿੰਦਾ ਹਾਂ ਕਿ ਦੁਨੀਆਂ ਭਰ ਦੇ ਮਾਰਕਸੀ ਸਿਆਸਤਦਾਨਾਂ ਅਤੇ ਸਾਹਿਤਕਾਰਾਂ ਨੂੰ ਇਸ ਦਾ ਮਾਣ ਹੋਣਾ ਚਾਹੀਦਾ ਹੈ ਕਿ ਇਸ ਘਟਨਾ ਤੋਂ ਮਗਰੋਂ ਵੀ ਲੈਨਿਨ ਤੇ ਹੋਰ ਬਾਲਸ਼ਵਿਕ ਨੇਤਾ ਗੋਰਕੀ ਦੇ ਘਰ ਜਾ ਸ਼ਤਰੰਜ ਦੀ ਬਾਜ਼ੀ ਲਾਉਂਦੇ ਰਹੇ, ਚਾਹਾਂ ਪੀਂਦੇ ਰਹੇ।

ਪੰਜਾਬੀ ਦੇ ਨਵੇਂ ਲੇਖਕ ਜੰਮ ਜੰਮ ਲੈਨਿਨ ਅਤੇ ਮਾਓ ਦੇ ਸਾਹਿਤ ਕਲਾ ਬਾਰੇ ਵਿਚਾਰਾਂ ਨੂੰ ਪੜ੍ਹਨ। ਉਸ ਤੋਂ ਵੀ ਵੱਧ ਜ਼ਰੂਰੀ ਹੈ ਕਿ ਉਹ ਗੋਰਕੀ, ਲੂਸ਼ੁਨ ਅਤੇ ਰੇਲਫ਼ ਫਾਕਸ ਦੇ ਸਾਹਿਤ, ਕਲਾ ਬਾਰੇ ਵਿਚਾਰਾਂ ਨੂੰ ਪੜ੍ਹਨ ਅਤੇ ਉਨ੍ਹਾਂ ਸਾਰੇ ਲੇਖਕਾਂ ਨੂੰ ਪੜ੍ਹਨ, ਜਿਨ੍ਹਾਂ ਨੂੰ ਪੜ੍ਹ ਕੇ ਉਨ੍ਹਾਂ ਉਹ ਵਿਚਾਰ ਬਣਾਏ ਸਨ। ਪਰ ਜੇ ਏਨੀ ਖੇਚਲ ਨਹੀਂ ਹੋ ਸਕਦੀ ਤਾਂ ਉਹ ਲੈਨਿਨ ਅਤੇ ਮਾਓ ਨੂੰ ਬਿਲਕੁਲ ਨਾ ਪੜ੍ਹਨ।

ਹੁਣ ਤੁਹਾਡੇ ਸਾਹਮਣੇ ਦੁਨੀਆਂ ਦੇ ਸਾਰੇ ਵਾਦ, ਸਣੇ ਮਾਰਕਸਵਾਦ, ਪਏ ਹਨ। ਜੇ ਤੁਸੀਂ ਇਸ਼ਕ ਦੇ ਅੰਨ੍ਹੇ ਵੇਗ ਵਿਚ ਮਹਿਬੂਬ ਨੂੰ ਚੁੰਮਦੇ ਹੋਏ ਪਹਿਲਾਂ ਤੋਂ ਧਾਰੇ ਹੋਏ ਬੋਲ ਫੁਸਫੁਸਾ ਲੈਂਦੇ ਹੁੰਦੇ ਓ ਤਾਂ ਤੁਸੀਂ ਇਨ੍ਹਾਂ 'ਚੋਂ ਕਿਸੇ ਵੀ ਵਾਦ ਨੂੰ ਚੁਣ ਸਕਦੇ ਹੋ।

ਪਰ ਤਦ ਵੀ ਚੰਗਾ ਹੋਵੇਗਾ (ਦਾਅ ਪੇਚ ਵਜੋਂ), ਜੇ ਤੁਸੀਂ ਮਾਰਕਸਵਾਦ ਨੂੰ ਨਾ ਚੁਣੋ। ਉਸ ਦੀ ਬਿਹਤਰੀ ਏਸੇ ਵਿਚ ਹੈ।

● ●

ਪੰਜਾਬੀ ਲਿਟਰੇਰੀ ਐਸੋਸੀਏਸ਼ਨ

PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

ਵੱਲੋਂ

# ਕਵੀ ਦਰਬਾਰ

ਕਵਿਤਾਵਾਂ, ਗੀਤਾਂ, ਤੇ ਗ਼ਜ਼ਲਾਂ ਦਾ ਪ੍ਰੋਗ੍ਰਾਮ



ਅਤੇ

ਏਥੋਂ ਦੀ ਮੌਜੂਦਾ ਜ਼ਿੰਦਗੀ ਬਾਰੇ ਅਜਮੇਰ ਰੋਡੇ ਦਾ

## "ਦੂਜਾ ਪਾਸਾ" ਨਾਟਕ

("ਰੱਤਾ ਸਾਲੂ" ਦੇ ਕਲਾਕਾਰ ਖੇਡ ਰਹੇ ਹਨ)



* 10 ਦਿਸੰਬਰ 1977, ਸ਼ਨਿਚਰਵਾਰ, ਸ਼ਾਮ ਨੂੰ 7 ਵਜੇ
* SEXSMITH ELEMENTRY SCHOOL
  7455 ONTARIO ST. (59th + Ont.)
* ਇਕ ਡਾਲਰ

ਕਵੀ ਦਰਬਾਰ ਵਿਚ ਹਿੱਸਾ ਲੈਣ ਦੇ ਚਾਹਵਾਨ 5 ਦਿਸੰਬਰ ਤੱਕ ਆਪਣੇ ਨਾਂ ਤੇ ਰਚਨਾਵਾਂ ਪਹੁੰਚਦੀਆਂ ਕਰ ਦੇਣ
ਰਚਨਾਵਾਂ ਭੇਜਣ ਲਈ ਅਤੇ ਹੋਰ ਜਾਣਕਾਰੀ ਲਈ ਫੋਨ ਕਰੋ:

ਜਰਨੈਲ ਸਿੰਘ 876-8596

ਸਾਧੂ 437-9014

POETICAL SYMPOSIUM 7 P.M. DEC. 10, 77

# ਅਮਲ ਦਿਮਾਗੀ

ਰਣਜੀਤ ਪ੍ਰਮਾਹ

ਮੈਂ ਕੰਮ ਤੋਂ ਅਜੇ ਆਇਆ ਹੀ ਸੀ ਕਿ ਫੂਨ ਦੀ ਘੰਟੀ ਖੜਕੀ; ਮੈਂ ਫੂਨ ਦਾ ਰਸੀਵਰ ਚੁਕਿਆ ਤੇ ਪੁੱਛਿਆ, "ਕੌਣ ਸਾਹਿਬ ਬੋਲ ਰਹੇ ਹੋ ਜੀ?"

"ਉਏ ਸਾਹਬ ਸੁਖ ਕਿਹੜਾ ਮੈਂ ਆਂ ਪਿੰਦੂ।"

"ਹਾਂ ਸੁਣਾ ਪਈ ਪਿੰਦਰ ਕਿਆਂ ਕੀ ਹਾਲ ਚਾਲ ਐ?"

"ਹਾਲ ਚਾਲ ਤਾਂ ਖੂਬ ਈ ਐ," ਉਸ ਅਗੋਂ ਡੁਸਕਦਾ ਜਿਹਾ ਜੁਆਬ ਦਿਤਾ।

"ਤੇ ਖੂਬ ਕਿਉਂ ਹੈ?" ਮੈਂ ਹੈਰਾਨੀ ਦੇ ਲਹਿਜੇ 'ਚ ਪੁੱਛਿਆ।

"ਅੱਜ ਕਲ ਬੈਠ ਕੇ ਰੋਟੀ ਨੀ ਖਾਂਦੇ ਈ ਹੱਡ ਪੈਰ ਜਿਹੇ ਟੁੱਟੀ ਜਾਂਦੇ ਐ," ਉਦਾਸੀ ਜਿਹੇ ਨੇ ਉਸ ਗੱਲ ਮਸਾਂ ਜਿਹੇ ਕਰੀ।

"ਫੇਰ ਡਾਕਟਰ ਕੋ ਜਾਣਾ ਸੀ, ਕੋਈ ਦੁਆਈ ਬੂਟੀ ਲੈਂਦਾ," ਮੈਂ ਉਸ ਨੂੰ ਰਾਏ ਦੱਸੀ ਜਿਹਾ।

"ਤਾਹੀਓਂ ਤਾਂ ਤੈਨੂੰ ਫੂਨ ਮਾਰਿਐ, ਪਈ ਮੈਨੂੰ ਲੈ ਚਲ ਡਾਕਟਰ ਦੇ।"

ਮੈਂ ਉਸ ਨੂੰ ਆਉਣ ਦੀ ਹਾਮੀ ਭਰ ਕੇ ਫੂਨ ਰੱਖ ਦਿੱਤਾ, ਤੇ ਤਿਆਰ ਹੋ ਕੇ ਅੱਧੇ ਕੁ ਘੰਟੇ ਬਾਅਦ ਪਿੰਦੂ ਦੇ ਘਰੇ ਚਲਾ ਗਿਆ। ਉਸ ਹੌਲੀ ਜਿਹੀ ਉੱਠ ਕੇ ਦਰਵਾਜ਼ਾ ਖੋਲ੍ਹਿਆ ਤੇ ਮਸੀਂ ਮਸੀਂ ਕਾਰ ਵੱਲ ਨੂੰ ਤੁਰਿਆ ਜਿਵੇਂ ਊਂਘ ਨੂੰ ਫਿਰਦਾ ਹੋਵੇ।

"ਕੀ ਗੱਲ ਜ਼ਿਆਦਾ ਢਿੱਲੈਂ?" ਮੈਂ ਉਸ ਨੂੰ ਪੁੱਛਿਆ।

"ਉਏ ਆਹੋ, ਜ਼ਾਦਾ ਈ ਆਂ।"

"ਦਾਅਸਲ ਤਕਲੀਫ ਕੀ ਐ ਤੈਨੂੰ?"

"ਤਕਲੀਫ ਕੁਝ ਨੀਂ, ਪੇਟ ਦੁਖਦਾ ਐ, ਕੰਮ ਜ਼ਾਦਾ ਹੀ ਹੋ ਗੀ; ਅੱਜ ਸਵੇਰੇ ਉੱਠਦੇ ਏਈ ਹੱਡ ਕੜ ਕੜ ਕਰਨ ਲੱਗ ਪਏ।"

"ਜੇ ਸ਼ਰਾਬ ਪੀਣੀ ਤੋਂ ਤਕਲੀਫ ਹੁੰਦੀ ਐ ਨਾ ਪੀਆ ਕਰ, ਕੋਈ ਜ਼ਰੂਰੀ ਤਾਂ ਨੀ।"

"ਉਏ ਪੀਏ ਬੀ ਤਾਂ ਨੀ ਗੱਲ ਔਂਦੇ ਈ ਕਈ ਵਾਰ ਜ਼ੋਰਕੀ ਰੀਝਾਂ ਨਾਲ ਹੁੰਦੀ ਐ ਆ ਜਾਂਦੀ ਐ।"

ਐਸਾਂ ਬਾਤਾਂ ਕਰਦੇ ਅਸੀਂ ਡਾਕਟਰ ਦੇ ਆਫਿਸ ਪਹੁੰਚ ਗਏ। ਜਦੋਂ ਮੈਂ ਅਗੇ ਹੋ ਕੇ ਪੌੜੀਆਂ ਚੜ੍ਹਨ ਲੱਗਾ ਤਾਂ ਪਿੰਦੂ ਮੇਰੀ ਬਾਂਹ ਫੜਦਾ ਬੋਲਿਆ, "ਡਾਕਟਰ ਨੂੰ ਆਪੀਂ ਏਹ ਬਹੁਤ ਸੋਹਣ ਏ; ਕਹੀਂ ਮੈਂ ਤਾਂ ਏਹਨੂੰ ਮਸਾਂ ਸ਼ੈਰੇ ਆਇਆਂ ਐਥੇ।" ਉਹਦੀ ਗੱਲ ਦਾ ਮੈਂ ਕੋਈ ਜੁਆਬ ਨਾ ਦਿੱਤਾ ਤੇ ਪੌੜੀਆਂ ਚੜ੍ਹ ਗਿਆ। ਡਾਕਟਰ ਦੇ ਆਫਿਸ ਵਿਚ ਬੈਠਾ ਪਿੰਦੂ ਉਸਲ-ਵੱਟੇ ਜਿਹੇ ਲੈਣ ਲੱਗ ਪਿਆ ਕੋਲ ਬੈਠੇ ਹੋਰ ਮਰੀਜ਼ ਉਸ ਵੱਲ ਘੂਰ ਘੂਰ ਕੇ ਦੇਖ ਰਹੇ ਸਨ, ਸ਼ਾਇਦ ਸੋਚਦੇ ਹੋਣਗੇ ਕਿ ਇਹ ਬੇ-ਹੱਦ ਤਕਲੀਫ 'ਚ ਐ। ਅੰਤ ਨੂੰ ਸਾਨੂੰ ਡਾਕਟਰ ਨੇ ਅੰਦਰ ਬੁਲਾ ਲਿਆ ਤੇ ਮੁਸਕਰਾ ਕੇ ਪੁੱਛਿਆ, "ਕੀ ਤਕਲੀਫ ਐ ਤੈਨੂੰ ਪਿੰਦਰ ਅੱਜ?" ਪਿੰਦੂ ਡਾਕਟਰ ਦੀ ਗੱਲ ਸੁਣ ਕੇ ਸੱਜੇ ਖੱਬੇ ਫੱਤ-ਪਾਹਿਆਂ ਵਾਂਗੂੰ ਵੇਖਣ ਲੱਗ ਪਿਆ। ਮੈਂ ਜਕਾਂ ਤਕਾਂ ਜਿਹੇ ਕਰਦੇ ਨੇ ਡਾਕਟਰ ਨੂੰ ਦੱਸਿਆ ਕਿ ਜਿੱਦਣ ਇਹ ਜ਼ਿਆਦਾ ਸ਼ਰਾਬ ਪੀ ਲੈਂਦਾ ਹੈ ਤਾਂ ਦੂਸਰੀ ਸਵੇਰ ਇਹਦੀ ਬੁਰੀ ਹਾਲਤ ਹੋ ਜਾਂਦੀ ਹੈ। ਮੇਰੀ ਗੱਲ ਸੁਣ ਕੇ ਡਾਕਟਰ ਪਹਿਲਾਂ ਜਿਹਾ ਹੱਸਿਆ ਤੇ ਕਹਿੰਦਾ, "ਬਹੁਤੇ ਲੋਕਾਂ ਨੂੰ ਇਹੋ ਹੀ ਬੀਮਾਰੀ ਏ, ਤੇ ਇਹਦਾ ਇਲਾਜ ਵੀ ਸੌਖਾ ਹੀ ਹੈ, ਸ਼ਰਾਬ ਜ਼ਿਆਦਾ ਨਾ ਪੀਓ ਹੱਡ-ਪੈਰ ਨਹੀਂ ਟੁੱਟਣਗੇ।"

ਮੈਂ ਡਾਕਟਰ ਦਾ ਜੁਆਬ ਸੁਣ ਕੇ ਪਿੰਦੂ ਵੱਲ ਵੇਖਿਆ ਜਿਹੜਾ ਭਰਿਆ ਪੀਤਾ ਬੈਠਾ ਸੀ। ਫੇਰ ਮੈਂ ਰਲਸ ਜੇ ਆ ਕੇ ਡਾਕਟਰ ਨੂੰ ਦੱਸਿਆ ਕਿ ਕੋਈ ਉਸ ਨਾਲ ਫੂਨ ਤੇ ਗੱਲ ਕਰਨਾ ਚਾਹੁੰਦਾ ਹੈ, ਸ਼ਾਇਦ ਜ਼ਰੂਰੀ ਗੱਲ ਹੈ। ਡਾਕਟਰ ਕਮਰੇ ਤੋਂ ਬਾਹਰ ਹੋ ਗਿਆ ਤੇ ਪਿੰਦੂ ਮੇਰੇ ਤੇ ਵਰ੍ਹ ਪਿਆ, "ਤੈਨੂੰ ਯਾਰ ਮੈਂ ਨਾਲ ਕਾਹਦੇ ਲਈ ਲਿਆਂਦਾ ਸੀ? ਨਾਲੇ ਤੈਨੂੰ ਰੋਕਣੇ ਕਿਹਾ ਸੀ ਪਈ ਏਥੇ ਮੈਂ ਸ਼ਰਾਬ ਪੀਤੀ ਐ; ਨਾਲੇ ਸਾਰੀ ਬਾਤ ਨਾ ਦੇ, ਸਾਡੀ ਮੋਟੀ ਆਉਂਦੀ ਹੁੰਦੀ ਤਾਂ ਆਪ ਕਿਸ ਕਾਰ ਲੈਂਦੇ।" ਉਹ ਥੋੜ੍ਹਾ ਚਿਰ ਚੁੱਪ ਰਿਹਾ ਤੇ ਮੈਂ ਵੀ ਮੌਕੇ ਮੁਤਾਬਕ ਬੋਲਣਾ ਮੁਨਾਸਬ ਨਾ ਸਮਝਿਆ।

"ਤੂੰ ਹੱਸ ਏਹਨੂੰ ਕਹੀਂ ਕਾਂ ਪਈ ਤਕਲੀਫ ਤਾਂ ਹੋਰ ਐ; ਨਾਲੇ ਕਹਿ ਪਈ ੨੧੨ ਦੀਆਂ ਗੋਲੀਆਂ ਲਿਖ ਦੇਵੇ ਜਾਂ ਪੰਜ ਦਵਾਈਆਂ, ਤੇ ਨਾਲੇ ਕੁਝ ਦੇ ਸ਼ਗੀਫਿਆਂ ਦੀ ਸਿਫਾਰਸ਼," ਪਿੰਦੂ ਥੋੜ੍ਹਾ ਰੋਅਬ ਨਾਲ ਬੋਲਿਆ।

"ਪਿੰਦਰਾ ਮੈਂ ਤੇਰੀ ਦਿਮਾਗੀ ਤਾਂ ਹੱਲ ਕਿਵੇਂ ਮੈਂ, ਉਹਨੂੰ ਹੱਲ ਕੀ ਸਮਝਾਵਾਂ? ਨਾਲੇ ਸਿਆਣਿਆਂ ਦਾ ਕਹਿਣੈ ਪਈ ਡਾਕਟਰ ਤੇ ਵਕੀਲ ਕੋਲ ਕਦੇ ਕੂੜ ਨਹੀਂ ਬੋਲੀਦਾ।" ਮੈਂ ਨਰਮੀ ਨਾਲ ਉਹਨੂੰ ਸਮਝਾਉਣਾ ਚਾਹਿਆ।

"ਇਹ ਸਾਰ ਕੋਈ ਸੂਰ ਐ, ਜਦ ਦੁੱਖ ਆ ਘੇਰੇ ਨੂੰ ਤੇ ਉਠੀ ਰਹੀਦਾ।"
"ਜੇ ਦੁੱਖ ਐ ਸ਼ਰਾਬ ਛੋੜੀ ਕਾਹਦੇ," ਮੈਂ ਛੋਟੀ ਗਰਮੀ 'ਚ ਕਿਹਾ।
"ਲੈ, ਸ਼ਰਾਬ ਛੱਡ ਦੇ, ਸ਼ਰਾਬ ਕੋਈ ਛੱਡਣ ਵਾਲੀ ਚੀਜ਼ ਐ? ਮੈਨੂੰ ਸਮਝ ਨੀ ਆਉਂਦੀ ਤੇਰੇ ਵਰਗਿਆਂ ਦੀ, ਤੂੰ ਵੀ ਲੱਗ ਗਿਐਂ ਡਾਕਟਰ ਦੇ ਮਗਰ; ਨਾ ਮੈਨੂੰ ਦੱਸ ਕੁਣੀ ਤੇ ਸ਼ਰਾਬ ਦਾ ਕੀ ਤੱਅਲਕ, ਜਦੋਂ ਪੀਂਦੀ ਦੀ ਐ ਉਦੋਂ ਤਾਂ ਨੀ ਦੁਖ ਹੁੰਦਾ, ਦੂਜੇ ਦਿਨ ਈ ਹੱਡ ਕੁੜੇ ਦੁੱਖਦੇ ਐ; ਅਸਲ ਬੀਮਾਰੀ ਦੀ ਜੜ੍ਹ ਐ। ਤੇ ਇਹਦੀ ਦੁਆਈ ਲੈਣੀ ਐ," ਪਿੰਡੂ ਇਕੋ ਸਾਹੇ ਅਖੀਰੀ ਸਫ਼ਾਈ ਮਾਰ ਗਿਆ।

ਡਾਕਟਰ ਵਾਪਸ ਆਇਆ ਤੇ ਕਹਿਣ ਲੱਗਾ, "ਮੈਂ ਦੁਆਈ ਲਿਖ ਦਿੱਤਾ ਹਾਂ ਤੇ ਕਿਸੇ ਹੋਰ ਟਾਨਿਕ ਅਨੁਸਾਰ ਲੈਣੀ ਐ; ਇਕ ਹਫਤੇ ਬਾਅਦ ਮੈਨੂੰ ਫੇਰ ਦਸਣਾ ਕਿ ਕੀ ਹਾਲ ਹੈ? ਉਦੋਂ ਤੱਕ ਜੇ ਠੀਕ ਨਾ ਹੋਈ ਤਾਂ ਫਿਰ ਟੈਸਟੀਕਲ ਸਾੜਾ ਪਏਗਾ।" ਟੈਸਟੀਕਲ ਦਾ ਨਾਂ ਸੁਣ ਕੇ ਪਿੰਡੂ ਨੇ ਕਈ ਜੇਠੇ ਅਗੇ ਕੁਝ ਕਹਿ ਤੇ ਛੋਟੀ ਦੇਰ ਉਠਕੇ ਬਾਹਰ ਤੁਰਿਆ। ਕਾਰ 'ਚ ਚੜ੍ਹਦਿਆਂ ਸਾਰ ਕਹਿਣ ਲੱਗਾ, "ਡਾਕਟਰ ਨੇ ਤਾਂ ਕਿਤੀ ਨੀ ਸਿਫਾਰਸ਼ ਲਿਖਕੇ, ਦੇਖੀ ਜਾਊ ਹੁਣ ਕਿਵੇਂ ਹੋਊ; ਚੱਲ ਸੀਰਾ ਘਰ ਨੂੰ ਸਿੱਧਾ।"



## ਮਿੰਨੀ ਕਹਾਣੀਆਂ:

### ਦੇਸ਼ ਵਿਚ —ਹਰਮਿੰਦਰ

ਮੋਗੇ ਦੇ ਵਿਦਿਆਰਥੀ ਘੋਲ ਸਮੇਂ ਲੁਧਿਆਣੇ ਐਗਰੀਕਲਚਰ ਯੂਨੀਵਰਸਿਟੀ ਵਿਚ ਪੁਲੀਸ ਨੇ ਛਾਪਾ ਮਾਰ ਕੇ ਇਕ ਪ੍ਰੋਫੈਸਰ ਨੂੰ ਤੁਰੇ ਜਾਂਦੇ ਨੂੰ ਫੜ ਲਿਆ। ਥਾਣੇਦਾਰ ਨੇ ਸਿਪਾਹੀਆਂ ਨੂੰ ਕਿਹਾ: "ਪਾਉ ਲੰਮਾ ਇਹਨੂੰ ਭੈਣ ਦੇ ਯਾਰ ਨੂੰ......" ਪ੍ਰੋਫੈਸਰ ਨੇ ਕਿਹਾ "ਮੈਂ ਪ੍ਰੋਫੈਸਰ ਹਾਂ" ਸਿਪਾਹੀ ਬੋਲੇ "ਜੇ ਪ੍ਰੋਫੈਸ਼ਰ ਹੈਂ ਤਾਂ ਇਥੇ ਭੈਣ...... ਆਇਐਂ—ਕੋਈ ਹੋਰ ਮਰਨ ਨੂੰ ਥਾਂ ਨਹੀਂ ਲੱਭਾ?"

ਪ੍ਰੋਫੈਸਰ ਨੇ ਤਰਲਾ ਕੀਤਾ: "ਮੈਂ ਪੀ. ਐਚ. ਡੀ. ਡਾਕਟਰ ਹਾਂ—" ਤਾਂ ਸਿਪਾਹੀਆਂ ਨੇ ਕਿਹਾ: "ਜੇ ਡਾਕਟਰ ਹੈਂ ਤਾਂ ਥਾਣੇ ਚਲ ਕੇ ਇਲਾਜ ਕਰੀਂ।"

ਪ੍ਰੋਫੈਸਰ ਨੇ ਫਿਰ ਕਿਹਾ "ਮੈਂ ਤਾਂ ਇਥੇ ਲੈਕਚਰਾਰ ਹਾਂ।" ਤਾਂ ਪੁਲੀਸ ਨੇ ਕਿਹਾ: "ਹੁਣ ਆਇਐ ਸਾਲਾ ਅਸਲੀ ਗਲ ਤੇ......ਤੂੰ ਹੀ ਸੀ ਜਿਹੜਾ ਲੈਕਚਰ ਕਰਦਾ ਫਿਰਦਾ ਸੀ......ਪਾਉ ਲੰਮਾ ਸਾਲੇ ਨੂੰ..."

ਕਚਹਿਰੀ ਵਿਚ ਪਹੁੰਚਿਆਂ ਹਥਿਆਰਾਂ ਦੇ ਲਾਇਸੈਂਸ ਦੀਆਂ ਅਰਜ਼ੀਆਂ ਨੂੰ ਜੱਜ ਸਾਹਿਬ ਪੜ੍ਹ ਰਹੇ ਸਨ। ਅਚਾਨਕ ਉਹ ਥਿੜਕ ਗਏ ਕਿਉਂਕਿ ਇਕ ਅਰਜ਼ੀ ਤੋਪ ਦੇ ਲਾਇਸੈਂਸ ਬਾਬਤ ਸੀ। ਉਸਨੇ ਇਕ ਦਮ ਚੌਂਕ ਕੇ ਚਪੜਾਸੀ ਨੂੰ ਕਿਹਾ ਕਿ ਬਹਾਦਰ ਸਿੰਘ ਪੁਤਰ ਠਾਕਰ ਸਿੰਘ ਪਿੰਡ......ਨੂੰ ਹਾਜ਼ਰ ਕਰੋ......ਜਦ ਉਹ ਵਿਅਕਤੀ ਹਾਜ਼ਰ ਹੋਇਆ ਤਾਂ ਜੱਜ ਨੇ ਪੁਛਿਆ, ਉਏ ਬਜ਼ੁਰਗਾ, ਤੂੰ ਤੋਪ ਕੀ ਕਰਨੀ ਐ?

ਬਜ਼ੁਰਗ ਨੇ ਧੀਰਜ ਨਾਲ ਕਿਹਾ: "ਜੀ ਚਾਹੀਦਾ ਤਾਂ ਮੈਨੂੰ ਪਸਤੌਲ ਹੀ ਸੀ.........ਪਿਛੇ ਜਿਹੇ ਮੈਂ ੧੦੦ ਬੋਰੀਆਂ ਸੀਮੈਂਟ ਲਈ ਦਰਖਾਸਤ ਦਿਤੀ...ਪਰ ਮਿਲੀਆਂ ੫ ਹੀ। ਮੈਂ ਸੋਚਿਆ ਬਈ..."

●

### ਵੱਟਾ — ਜੀਵਾ ਕੁਲਵੰਤ

ਉਹਦੇ ਪਿੰਡ ਤੋਂ ਦਸ ਕੁ ਕੋਹ ਦੀ ਵਿਥ ਤੇ ਸਾਉਣ ਮਹੀਨੇ ਇਕ ਮੇਲਾ ਲਗਦਾ ਸੀ, ਤੇ ਉਸ ਮੇਲੇ ਵਿਚ ਹਰ ਚੀਜ਼ ਦਾ ਵੱਟਾ ਹੁੰਦਾ ਸੀ। ਕੋਈ ਆਪਣੀ ਖਾਂਘੜ ਮੱਝ ਲੈ ਜਾਂਦਾ ਤੇ ਕੁਝ ਪੈਸੇ ਹੋਰ ਪਾ ਕੇ ਲਵੇਰੀ ਮੱਝ ਲੈ ਆਉਂਦਾ। ਕੋਈ ਬੁੱਢੇ ਬਲਦ ਬਦਲੇ ਝੋਟਾ ਖ਼ਰੀਦ ਲੈਂਦਾ, ਕੋਈ ਬੱਕਰੀ ਬਦਲੇ ਵੱਛੀ। ਗੱਲ ਕੀ ਉਥੇ ਹਰ ਚੀਜ਼ ਦਾ ਵਪਾਰ ਹੁੰਦਾ ਸੀ। ਪਸ਼ੂ, ਕਪੜਾ, ਅਨਾਜ, ਤੀਵੀਂ।

ਉਹਦੇ ਕੋਲ ਇਕ ਗਧੀ ਸੀ ਜੀਹਦੇ ਉਤੇ ਉਹ ਪਿਛਲੇ ਸੱਤਾਂ ਵਰ੍ਹਿਆਂ ਤੋਂ ਪਿੰਡ ਦੇ ਛੱਪੜ ਤੋਂ ਚੀਕਣੀ ਮਿੱਟੀ ਪੁੱਟ ਕੇ ਸ਼ਹਿਰ ਦੇ ਮਹੱਲਿਆਂ ਵਿਚ ਵੇਚਦਾ ਰਿਹਾ ਸੀ। ਪਰ ਹੁਣ ਉਹਦਾ ਦਿਲ ਇਸ ਕਿੱਤੇ ਤੋਂ ਡਾਢਾ ਅੱਕ ਗਿਆ ਸੀ।

ਇਸ ਵਰ੍ਹੇ ਉਹ ਵੀ ਗਧੀ ਨੂੰ ਲੈ ਕੇ ਮੇਲੇ ਵਿਚ ਜਾ ਵੜਿਆ......ਤੇ ਜਦੋਂ ਉਹ ਪਿੰਡ ਨੂੰ ਮੁੜਿਆ ਤਾਂ ਉਹਦੇ ਨਾਲ ਇਕ ਤੀਵੀਂ ਤੁਰੀ ਆਉਂਦੀ ਸੀ — ਰੰਗ ਸਿਰ ਦੇ ਵਾਲਾਂ ਵਰਗਾ, ਮੂੰਹ ਤੇ ਡੂੰਘੇ ਮਾਤਾ ਦੇ ਦਾਗ਼ ਤੇ ਉਮਰ ਵੀ ਉਹਦੇ ਨਾਲੋਂ ਵਡੇਰੀ।

"ਕਿੰਨੀ ਰਕਮ ਹੋਰ ਪਾਉਣੀ ਪਈ?" ਪਿੰਡ ਵੜਦਿਆਂ ਉਹਦੇ ਇਕ ਆੜੀ ਨੇ ਉਹਨੂੰ ਪੁੱਛਿਆ।

"ਬਸ ਹਿਸਾਬ ਕਿਤਾਬ ਬਰਾਬਰ ਹੀ ਰਿਹਾ।" ਉਸ ਹੱਸ ਕੇ ਜੁਆਬ ਦਿਤਾ।

●

**ਕਹਾਣੀ**

# ਕਾਲ ਤੇ ਆਦਮੀ

**—ਤੇਜਿੰਦਰ ਗੁਜਰਾਲ**

ਕਾਲ ਤੇ ਆਦਮੀ ਦੀ ਗੂੜ੍ਹੀ ਮਿਤਰਤਾ ਸੀ ।

'ਕੀ ਤੂੰ ਹੋਰ ਜੀਵਾਂ ਵਾਂਗ ਮੈਨੂੰ ਵੀ ਲੈ ਜਾਵੇਂਗਾ ?'' ਆਦਮੀ ਨੇ ਕਾਲ ਤੋਂ ਪੁਛਿਆ ।

'ਹਾਂ, ਇਹ ਤਾਂ ਮੇਰੀ ਡਿਊਟੀ ਹੈ' ਕਾਲ ਨੇ ਉਤਰ ਦਿਤਾ ।

'ਫੇਰ ਮੇਰਾ ਥੋੜਾ ਜਿਹਾ ਧਿਆਨ ਰਖੀਂ ।'

'ਕਿਵੇਂ ?'

'ਮੈਨੂੰ ਲੈ ਜਾਣ ਤੋਂ ਕੁਝ ਚਿਰ ਪਹਿਲਾਂ ਸੁਚੇਤ ਕਰ ਦੇਵੀਂ' ਤਾਂ ਕਿ ਮੈਂ ਲੋਕਾਂ ਦਾ ਕੁਝ ਸੰਵਾਰ ਸਕਾਂ ।

'ਚੰਗਾ ! ਏਸ ਸ਼ਰਤ ਤੇ ਤੈਨੂੰ ਸੁਚੇਤ ਕਰਦਾ ਰਹਾਂਗਾ ।'

'ਬੜੀ ਮਿਹਰਬਾਨੀ' ਕਹਿੰਦਿਆਂ ਆਦਮੀ ਨੇ ਧੰਨਵਾਦ ਕੀਤਾ ।

ਇਸ ਤੋਂ ਮਗਰੋਂ ਨਿੱਤ ਸੂਰਜ ਚੜ੍ਹਦਾ ਤੇ ਛਿਪ ਜਾਂਦਾ, ਰਾਤ ਆਉਂਦੀ ਆ ਕੇ ਚਲੀ ਜਾਂਦੀ, ਰੁਤਾਂ ਬਦਲ ਦੀਆਂ ਰਹੀਆਂ, ਘੜੀਆਂ ਘੰਟਿਆਂ ਦੀਆਂ ਸੂਈਆਂ ਚੱਕਰ ਕਟਦੀਆਂ ਰਹੀਆਂ ਤੇ ਫੇਰ ਇਕ ਦਿਨ ਕਾਲ ਆਦਮੀ ਦੇ ਸਿਰ ਤੇ ਆ ਖੜਿਆ । ਆਦਮੀ ਕਾਲ ਨੂੰ ਸਾਹਮਣੇ ਖੜਾ ਦੇਖ ਕੇ ਘਬਰਾ ਗਿਆ ਤੇ ਉਸਨੇ ਕਿਹਾ 'ਯਾਰ ਤੂੰ ਮੈਨੂੰ ਪਹਿਲਾਂ ਪਤਾ ਈ ਨਹੀਂ ਦਿੱਤਾ...ਇਸ ਤਰ੍ਹਾਂ ਤਾਂ ਅਚਾਨਕ ਮੇਰੇ ਚਲੇ ਜਾਣ ਤੇ ਮੇਰੇ ਘਰਦੇ ਬਹੁਤ ਦੁਖੀ ਹੋਣਗੇ । ਅਜੇ ਤਾਂ ਮੈਂ ਲੋਕਾਂ ਲਈ ਕੁਝ ਵੀ ਨਹੀਂ ਕਰ ਸਕਿਆ ।

'ਫੇਰ ਮੈਂ ਕੀ ਕਰਾਂ ? ਮੈਂ ਤਾਂ ਤੈਨੂੰ ਸਮੇਂ ਸਮੇਂ ਸਿਰ ਸੁਚੇਤ ਕਰਦਾ ਰਿਹਾ ਹਾਂ ।'

'ਬਿਲਕੁਲ ਗਲਤ ..ਮੈਨੂੰ ਤੇਰੀ ਕੋਈ ਸੂਚਨਾਂ ਨਹੀਂ ਮਿਲੀ ।'

'ਮੈਂ ਤੈਨੂੰ ਚਾਰ ਖਤ ਲਿਖੇ ਨੇ...'

'ਕਦੋਂ ?'

'ਪਹਿਲਾ ਖਤ ਮੈਂ ਤੈਨੂੰ ਉਸ ਵਕਤ ਲਿਖਿਆ ਸੀ ਜਦ ਤੇਰੇ ਵਾਲ ਕਾਲੇ ਤੋਂ ਸੁਫੇਦ ਹੋਣੇ ਸ਼ੁਰੂ ਹੋਏ ਸੀ । ਪਰ ਉਸ ਵਕਤ ਤੂੰ ਉਸ ਵਲ ਕੋਈ ਧਿਆਨ ਨਹੀਂ ਦਿਤਾ ਤੇ ਤੂੰ ਕਲਫ ਲਾ ਕੇ ਕਾਲੇ ਕਰਦਾ ਰਿਹਾ, ਆਪਣੇ ਆਪ ਨੂੰ ਤੇ ਦੁਨੀਆਂ ਨੂੰ ਧੋਖਾ ਦਿੰਦਾ ਰਿਹਾ ।'

'ਦੂਜਾ ?'

'ਉਹ ਮੈਂ ਉਸ ਵਕਤ ਲਿਖਿਆ ਸੀ ਜਦ ਤੇਰੀਆਂ ਅੱਖਾਂ ਦੀ ਰੌਸ਼ਨੀ ਘਟਣੀ ਸ਼ੁਰੂ ਹੋਈ ਸੀ ਤੇ ਦੁਨੀਆਂ ਤੈਨੂੰ ਧੁੰਦਲੀ ਧੁੰਦਲੀ ਦਿਖਾਈ ਦੇਣ ਲਗ ਪਈ ਸੀ ਪਰ ਤੂੰ ਐਨਕਾਂ ਲਾ ਲਈਆਂ ।'

'ਤੀਜਾ ?'

'ਤੀਜਾ ਉਦੋਂ ਲਿਖਿਆ ਸੀ ਜਦ ਤੇਰੇ ਦੰਦ ਝੜਨ ਲਗ ਪਏ ਸੀ । ਉਦੋਂ ਤੇਰੇ ਕੋਲੋਂ ਰੋਟੀ ਵੀ ਮੁਸ਼ਕਲ ਨਾਲ ਖਾਧੀ ਜਾਂਦੀ ਸੀ ਪਰ ਤੂੰ ਏਸ ਸੰਕੇਤ ਤੇ ਵੀ ਸਾਵਧਾਨ ਨਾ ਹੋਇਆ ਤੇ ਨਕਲੀ ਦੰਦ ਲਾ ਕੇ ਛਤੀ ਪ੍ਰਕਾਰ. ਦੇ ਭੋਜਨ ਖਾ ਖਾ ਕੇ ਐਸ਼ ਨਾਲ ਸਮਾਂ ਲੰਘਾਉਂਦਾ ਰਿਹਾ ।'

'ਚੌਥਾ ?'

'ਉਹ ! ਉਹਦੇ ਲਈ ਮੈਂ ਤੈਨੂੰ ਚੰਗੀ ਤਰ੍ਹਾਂ ਆਪਣਾ ਖਿਆਲ ਕਰਵਾਉਣਾ ਦੀ ਕੋਸ਼ਿਸ਼ ਕੀਤੀ ਸੀ ਪਰ ਤੈਨੂੰ ਉਦੋਂ ਵੀ ਸੁਰਤ ਨਾ ਆਈ ਜਦ ਤੇਰੀਆਂ ਲੱਤਾਂ ਦੀ ਤਾਕਤ ਘਟ ਗਈ ਤੂੰ ਤੁਰਨ ਫਿਰਨ ਤੋਂ ਵੀ ਰਹਿ ਗਿਆ ਪਰ ਤੂੰ ਝਟ ਖੂੰਡੀ ਫੜ ਲਈ ।'

'ਅੱਛਾ...' ਕਹਿ ਕੇ ਆਦਮੀ ਨੇ ਇਕ ਲੰਮਾ ਸਾਹ ਖਿਚਿਆ ਤੇ ਕਾਲ ਨਾਲ ਉਠ ਤੁਰਿਆ ।

ਸੰਗਰੂਰ (੧੪੮੦੦੧)

•

**[illegible] ਦੀ ਬਾਕੀ**

ਯਾਰ ਕੋਲ ਰਹੀ ਸੀ ਪਰ ਉਹਨੂੰ ਪਤਾ ਸੀ ਕਿ ਏਸ ਮਸਲੇ ਦਾ ਇਹ ਹੱਲ ਨਹੀਂ ਸੀ ਪਰ ਏਡਾ ਪਰੇਸ਼ਾਨੀ ਅਤੇ ਘਬਰਾ ਚੁਕਿਆ ਸੀ ਕਿ ਸੱਚ ਦੀ ਸੇਧ ਦੀ ਪਛਾਣ ਕਰਨੀ ਉਹਦੇ ਵੱਸ ਦੀ ਗੱਲ ਨਹੀਂ ਸੀ ।

ਲਿੱਲੀ ਨੇ ਕਮਰੇ ਅੰਦਰ ਦਾਖਲ ਹੋਕੇ ਇਕ ਵੇਰ ਵੀ ਸ਼ਰਨਵੀਰ ਵਲ ਨਾ ਤੱਕਿਆ ਤੇ ਚੁੱਪ ਚੁਪੀਤੇ ਵਾਰ ਡਰੋਬ ਉਤੋਂ ਆਪਣਾ ਅਟੈਚੀ ਲਾਹਕੇ ਉਸ ਵਿਚੋਂ ਸ਼ਰਨਵੀਰ ਦੇ ਕਪੜੇ ਮੰਜੇ ਉਤੇ ਰੱਖਣ ਲੱਗ ਪਈ ਤੇ ਆਪਣੇ ਇਧਰ ਉਧਰ ਪਏ ਕਪੜੇ, ਗਹਿਣੇ, ਕਸਮੇਟਿਕਸ ਅਤੇ ਹੋਰ ਨਿਕਸੁਕ ਉਸ ਵਿਚ ਤੇ ਹੋਰ ਥੈਲਿਆਂ ਵਿਚ ਭਰਨ ਲੱਗੀ ।

ਸ਼ਰਨਵੀਰ ਰੋਬੋਟ ਵਾਂਗ ਕੁਰਸੀ ਤੋਂ ਉੱਠਿਆ ਤੇ ਲਿੱਲੀ ਦਾ ਮੋਢਾ ਛੂੰਹਦਿਆਂ ਬੋਲਿਆ. "ਇਹ ਕੀ ਕਰਨ ਲੱਗੀ ਹੋਈ ਏਂ ਲਿੱਲੀ ?"

"ਯੂ ਸ਼ੱਟ ਅੱਪ ਐਂਡ ਮਾਈਂਡ ਯੁਅਰ ਬਿਜਨੈਸ" ਲਿੱਲੀ ਨੇ ਬਿਜਲੀ ਦੇ ਝਟਕੇ ਵਾਂਗ ਉਹਦੇ ਹੱਥ ਨੂੰ ਛਿਣਕ ਦਿਤਾ, "ਮੈਂ ਤੇਰੇ ਜਿਹੇ ਜ਼ਾਲਮ ਬੰਦੇ ਨਾਲ ਬਿਲਕੁਲ ਨਹੀਂ ਰਹਿ ਸਕਦੀ ।"

ਵੇਖ ਲਿੱਲੀ ਸ਼ਰਨਵੀਰ ਨੇ ਆਪਣੇ ਆਪ ਉਤੇ ਪੂਰਾ ਕਾਬੂ ਪਾਉਣ ਦਾ ਯਤਨ ਕਰਦਿਆਂ ਕਿਹਾ" ਵਿਆਹੁਤਾ ਜੀਵਨ ਵਿਚ ਬਥੇਰਾ ਕੁਝ ਘਟ ਵੱਧ ਹੋ ਜਾਂਦਾ ਏ । ਏਦਾਂ ਜ਼ਿੰਦਗੀ ਨਹੀਂ ਨਿੱਭਦੀ । ਸਮਝੌਤਾ ਹੀ ਇਹਦਾ ਹੱਲ ਏ । ਤੇ............।

"ਗੋ ਟੂ ਹੈੱਲ" ਲਿੱਲੀ ਨੇ ਹੋਰ ਵੀ ਭੱਖਕਕੇ ਆਂਖਿਆ, "ਮੈਨੂੰ ਉੱਕਾ ਪਰਵਾਹ ਨਹੀਂ । ਮੈਂ ਜਾ ਰਹੀ ਹਾਂ ।"

"ਕਿਹੜੇ ਯਾਰ ਨਾਲ ਜਾ ਰਹੀ ਏਂ ਤੂੰ ?" ਸ਼ਰਨਵੀਰ ਦਾ ਗੁੱਸਾ ਹੁਣ ਸਾਰੀਆਂ ਹੱਦਾਂ ਟੱਪ ਚੁਕਾ ਸੀ। ਉਸ ਨੇ ਕੁੜੀ ਨੂੰ ਵਾਲਾਂ ਤੋਂ ਪਕੜਕੇ ਕੰਧ ਵਿਚ ਮਾਰਿਆ ਹੀ ਸੀ ਕਿ ਲਿੱਲੀ ਉੱਚੀ ਉੱਚੀ ਚੀਕ ਚਿਹਾੜਾ ਪਾਉਣ ਲੱਗੀ ਤੇ ਹੇਠੋਂ ਉੱਚੀ ਕਿਸੇ ਨੂੰ ਬੁਲਾਉਣ ਲੱਗੀ, "ਰਣਧੀਰ ਰਣਧੀਰ ਪਲੀਜ਼ ਹੈਲਪ ਮੀ । ਦਿਸ ਬਰੂਟ ਇਜ਼ ਗੋਇੰਗ ਟੂ ਕਿੱਲ ਮੀ ।"

ਸ਼ਾਇਦ ਪਹਿਲਾਂ ਹੀ ਖੁਲ੍ਹੇ ਰੱਖੇ ਹੋਏ ਬੂਹੇ ਚੋਂ ਅੰਦਰ ਆਕੇ ਹਵਾ ਦੀ ਫੁਰਤੀ ਨਾਲ ਪੌੜੀਆਂ ਚੜ੍ਹਦਾ ਇਕ ਲੰਮਾ ਚੌੜਾ ਲੰਮਿਆਂ ਵਾਲਾਂ ਵਾਲਾ ਏਸ਼ੀਅਨ ਮੁੰਡਾ ਉਨ੍ਹਾਂ ਦੇ ਕਮਰੇ ਵਿਚ ਦਾਖਲ ਹੋਕੇ ਸ਼ਰਨਵੀਰ ਨੂੰ ਮੁੱਕਿਆਂ ਅਤੇ ਲੱਤਾਂ ਨਾਲ ਕੁੱਟਣ ਲੱਗਾ । ਇਹ ਸਾਰਾ ਕੁਝ ਏਡਾ ਅਚਨਚੇਤ ਤੇ ਹੈਰਾਨੀ ਭਰਿਆ ਸੀ ਕਿ ਸ਼ਰਨਵੀਰ ਨੂੰ ਕੁਝ ਪਤਾ ਹੀ ਨਾ ਲੱਗਾ ਕਿ ਉਹ ਕੀ ਕਰੇ ? ਫੇਰ ਪਤਾ ਨਹੀਂ ਕੀ ਉਹਦੇ ਸਿਰ ਵਿਚ ਲੱਗਾ ਕਿ ਉਹ ਹੋਸ਼ ਖੋ ਬੈਠਾ ।

—•—

## ਜਿੰਮ

**—ਐਸ. ਕੇ. ਰਾਮਪਾਲ, ਪੀ. ਪੀ. ਐਸ**

ਜਿੰਮ ਨਾਲ ਮੇਰੀ ਮੁਲਾਕਾਤ ਬੜੇ ਅਜੀਬ ਢੰਗ ਨਾਲ ਹੋਈ।

ਮੇਰੀ ਬਦਲੀ ਇਕ ਅਜਿਹੀ ਥਾਂ ਹੋਈ ਜੋ ਇਕ ਜ਼ਿਲ੍ਹੇ ਦਾ ਹੈਡ-ਕੁਆਰਟਰ ਤਾਂ ਜ਼ਰੂਰ ਸੀ ਪਰ ਸੀ ਉਹ ਇਕ ਕਸਬਾ ਹੀ। ਅਜ ਕਲ ਦੇ ਮਸ਼ੀਨੀ ਜੁਗ ਵਿਚ ਚਾਲੀ ਪੰਜਾਹ ਹਜ਼ਾਰ ਦੀ ਅਬਾਦੀ ਵਾਲੀ ਥਾਂ ਨੂੰ ਅਸੀਂ ਸ਼ਹਿਰ ਤਾਂ ਨਹੀਂ ਕਹਿ ਸਕਦੇ ਪਰ ਉਸ ਥਾਂ ਹਲਾ-ਗੁਲਾ ਕੋਈ ਨਹੀਂ ਸੀ। ਲੈ ਦੇ ਕੇ ਇਕ ਸਿਨੇਮਾ, ਇਕ ਕਲਬ ਤੇ ਇਕ ਬਜ਼ਾਰ। ਨਤੀਜਾ ਇਹ ਹੋਇਆ ਕਿ ਥੋੜੇ ਦਿਨਾਂ ਵਿਚ ਹੀ ਹਰ ਇਕ ਮਿਲਣ ਯੋਗ ਬੰਦੇ ਨੂੰ ਮਿਲ ਲਿਆ ਤੇ ਫੇਰ ਉਸ ਤੋਂ ਕੰਨੀ ਕਤਰਾ ਕੇ ਇਕੱਲ ਨੂੰ ਸਾਥੀ ਬਣਾ ਲਿਆ। ਇਹੋ ਹਾਲ ਬੱਸ ਮੇਰਾ ਸੀ। ਜਿਹੜਾ ਮਕਾਨ ਮੈਂ ਕਿਰਾਏ ਤੇ ਲਿਆ ਸੀ ਉਹ ਅਠ ਏਕੜ ਧਰਤੀ ਵਿਚ ਇਕ ਏਕੜ ਦੀ ਬਣੀ ਹੋਈ ਇਮਾਰਤ ਸੀ। ਜਿਥੇ ਦੋ ਚਾਰ ਪ੍ਰਵਾਰ ਅਬਾਦ ਸਨ। ਉਹਨਾਂ ਵਿਚੋਂ ਇਕ ਮੈਂ ਵੀ ਸਾਂ।

ਮੇਰੇ ਨੇੜੇ ਦੋ ਚਾਰ ਹੋਰ ਵੀ ਸਨ ਜਿਨ੍ਹਾਂ ਨੂੰ ਮੈਂ ਜਾਣਦਾ ਜ਼ਰਰ ਸਾਂ ਪਰ ਸਬੰਧ ਕੋਈ ਨਹੀਂ ਸੀ। ਤੇ ਮੇਰੇ ਨੇੜੇ ਉਸ ਵਡੇ ਮਕਾਨ ਦੇ ਇਕ ਹਿਸੇ ਵਿਚ 'ਜਿੰਮ' ਰਹਿੰਦਾ ਸੀ। ਉਹ ਅਮਰੀਕਨ ਤੇ ਮੈਂ ਭਾਰਤੀ ਸਾਂ। ਸਾਡੇ ਦੋਹਾਂ ਦੇ ਰਸਮ-ਰਿਵਾਜ, ਬੋਲ-ਚਾਲ ਅਤੇ ਰਹਿਣ-ਸਹਿਣ ਵਿਚ ਪਛਮ ਤੇ ਪੂਰਬ ਦਾ ਫਰਕ ਸੀ, ਤੇ ਅੰਗਰੇਜ਼ੀ ਸ਼ਾਇਰ ਕਿਪਲਿੰਗ ਦੇ ਕਥਨ ਅਨੁਸਾਰ ਇਹ ਦੋਨੋਂ ਸਭਿਅਤਾਵਾਂ ਕਦੇ ਨਹੀਂ ਮਿਲ ਸਕਦੀਆਂ।

ਪਰ ਮਨੁੱਖੀ ਸੁਭਾ ਦਾ ਕੀ ਕੀਤਾ ਜਾਵੇ? ਕਾਲੇ ਤੇ ਗੋਰੇ ਦੋਹਾਂ ਵਿਚ ਇਕੋ ਜਿਹਾ ਪ੍ਰਗਟ ਹੁੰਦਾ ਹੈ। ਇਸੇ ਕਾਰਨ ਪੂਰਬ ਦੀ ਲਾਗ ਤੇ ਪਛਮ ਦੀ ਖੁਲ੍ਹੀ ਸੋਚ ਕਿਤੇ ਨਾ ਕਿਤੇ ਟਕਰਾ ਜਾਂਦੀ ਹੈ। ਤੇ ਇਹੋ ਹੀ ਪੂਰਬ ਪਛਮ ਦਾ ਸੰਗਮ ਹੈ।

ਸ਼ਾਇਦ ਇਹਨਾਂ ਨੂੰ ਹੀ ਇਕ ਦੂਜੇ ਦੇ ਨੇੜੇ ਲਿਆਉਣ ਵਾਸਤੇ ਅਮਰੀਕਾ ਦੇ ਸਵ-ਅਵਾਮੀ ਪ੍ਰਧਾਨ ਕਨੇਡੀ ਨੇ "ਪੀਸ ਕੋਰ" ਬਣਾਈ ਸੀ। ਤੇ ਨੀਂਹ ਰਖੀ ਸੀ। ਤੇ ਜਿੰਮ ਇਸ ਕੋਰ ਦਾ ਇਕ ਵਲੰਟੀਅਰ ਸੀ। ਜੋ ਆਪਣੇ ਜਗ-ਮਗ ਕਰਦੇ ਦੇਸ਼ ਤੋਂ ਹਜ਼ਾਰਾਂ ਮੀਲ ਦੂਰ ਪਰਦਿਆਂ ਵਿਚ ਲਪੇਟੇ ਪੂਰਬ ਤੋਂ ਕੁਝ ਸਿਖਣ ਤੇ ਸਿਖਾਉਣ ਵੀ ਅਇਆ ਸੀ। ਪਰ ਅਮਰੀਕਾ ਉਤੇ ਹਿੰਦੁਸਤਾਨ ਨੇ ਕਦੇ ਰਾਜ ਨਹੀਂ ਸੀ ਕੀਤਾ, ਏਸ ਕਾਰਨ ਉਥੋਂ ਦੇ ਬੱਚਿਆਂ ਨੇ ਕਦੇ ਹਿੰਦੋਸਤਾਨੀ ਨਹੀਂ ਸੀ ਸਿਖੀ ਤੇ ਆਪਣੇ ਦੇਸ਼ ਵਿਚ ਤਾਂ ਹਿੰਦੋਸਤਾਨੀ ਦੇ ਨਾਲ ਹੋਰ ਵੀ ਕਈ ਭਾਸ਼ਾਵਾਂ ਸਿਖਣੀਆਂ ਪੈਂਦੀਆਂ ਨੇ ਜਿੰਮ ਨੂੰ ਕਿਥੋਂ ਆਉਂਦੀ?

ਮਈ ਦਾ ਮਹੀਨਾ, ਗਰਮੀ ਸਿਖਰ ਉਤੇ ਸੀ। ਸਾੜਨ ਵਾਲੀ ਧੁੱਪ, ਤਪਦੀ ਲੂ ਦੇ ਬੁਲੇ ਤੇ ਮੈਂ ਸੜਦਾ ਤਪਦਾ ਘਰ ਰੋਟੀ ਖਾਣ ਆਇਆ। ਮੈਂ ਪਹਿਲੀ ਗਰਾਹੀ ਮੂੰਹ ਵਿਚ ਪਾਈ ਹੀ ਸੀ ਕਿ ਜਿੰਮ ਦਾ ਨੌਕਰ ਠਾਕਰ ਭਜਿਆ ਭਜਿਆ ਆਇਆ ਤੇ ਹੌਂਕਦੇ ਹੌਂਕਦੇ ਕਹਿਣ ਲਗਾ—"ਸਾਹਬ ਛੇਤੀ ਚਲੋ, ਬਹੁਤ ਜ਼ਰੂਰੀ ਕੰਮ ਏ" "ਕੰਮ! ਤੇ ਮੇਰੇ ਨਾਲ?" ਮੈਂ ਹੈਰਾਨਗੀ ਨਾਲ ਪੁਛਿਆ। "ਜੀ।" ਠਾਕਰ ਬਹੁਤ ਘਬਰਾਇਆ ਹੋਇਆ ਸੀ। ਮੈਂ ਪਿਛਲੇ ਇਕ ਮਹੀਨੇ ਤੋਂ ਕਦੀ ਇਹਨੂੰ ਏਨਾ ਘਬਰਾਇਆ ਨਹੀਂ ਸੀ ਦੇਖਿਆ। ਉਹਨੂੰ ਹਰ ਰੋਜ਼ ਨਲਕੇ ਤੋਂ ਪਾਣੀ ਭਰਦਾ ਮੈਂ ਦੇਖਦਾ ਸਾਂ। ਉਹ ਸਲਾਮ ਕਰਦਾ ਤੇ ਮੈਂ ਸਿਰ ਹਿਲਾ ਕੇ ਜਵਾਬ ਦੇ ਦੇਂਦਾ। ਜਿਸ ਤਰ੍ਹਾਂ ਇਹ ਉਹਦਾ ਫਰਜ਼ ਹੋਵੇ ਤੇ ਮੇਰੀ ਆਦਤ। ਏਸ ਤੋਂ ਬਹੁਤੀ ਮੇਰੀ ਉਹਦੇ ਨਾਲ ਰਾਮ ਰਾਮ ਕੋਈ ਨਹੀਂ ਸੀ, ਪਰ ਅਜ ਉਸਦੇ ਅਚਾਨਕ ਆਉਣ ਤੇ ਇਹੋ ਜਿਹੀ ਦਰਖ਼ਾਸਤ ਕਰਨੀ ਅਜੀਬ ਜਾਪਦੀ ਸੀ। ਮੈਂ ਉਹਨੂੰ ਘੂਰ ਕੇ ਵੇਖਿਆ ਤੇ ਕਿਹਾ—"ਗਲ ਕੀ ਏ?" ਮੇਰਾ ਖਿਆਲ ਸੀ ਰੋਟੀ ਖਾ ਕੇ ਜਾਵਾਂ। ਪਰ ਠਾਕਰ ਮੇਰਾ ਹਥ ਫੜ ਕੇ ਮੈਨੂੰ ਘਸੀਟਦੇ ਹੋਏ ਕਿਹਾ—"ਛੇਤੀ ਚਲੋ ਸਾਹਬ, ਜਿੰਮ ਸਾਹਬ ਪਾਗਲ ਹੋ ਗਿਆ।"

ਤੇ ਪਹਿਲੀ ਵਾਰ ਮੈਨੂੰ ਜਿੰਮ ਦੇ ਨਾਲ ਵਾਕਫੀਅਤ ਹੋਈ। ਮੈਨੂੰ ਬਸ ਏਨਾ ਹੀ ਪਤਾ ਸੀ ਕਿ ਗੁਆਂਢ ਵਿਚ ਕੋਈ ਅਮਰੀਕਨ ਰਹਿੰਦਾ ਏ। ਪਰ ਗੁਆਂਢੀ ਕੋਈ ਵੀ ਹੋਵੇ ਦੁਖ ਸੁਖ ਵੰਡਾਉਣਾ ਹੀ ਪੈਂਦਾ ਹੈ। ਤੇ ਮੈਂ ਤੁਰ ਪਿਆ। ਅੰਦਰੋਂ ਜਿੰਮ ਦੀ ਉਚੀ ਉਚੀ ਅਵਾਜ਼ ਆ ਰਹੀ ਸੀ "ਚਾ-ਚ-ਚਾ" ਠਾਕਰ ਨੇ ਮੇਰੇ ਵਲ ਤਕਿਆ ਜਿਵੇਂ ਬਿਨ ਬੋਲਿਆਂ ਪੁਛ ਰਿਹਾ ਹੋਵੇ "ਹੈ ਨਾ ਪਾਗਲ।" ਜਿੰਮ ਨੇ ਉਚੀ ਅਵਾਜ਼ 'ਚ ਕਿਹਾ—"ਡੈਮਡ, ਬਲਡੀਫੂ-ਲ ਆਈ ਵਾਂਟ ਚਾਹ-ਚਾਹ।

ਜਦ ਮੈਂ ਕਮਰੇ 'ਚ ਦਾਖ਼ਲ ਹੋਇਆ ਤਾਂ ਜਿੰਮ ਨੇ ਬਿਨਾਂ ਕਿਸੇ ਭੂਮਿਕਾ ਦੇ ਮੇਰਾ ਹਥ ਫੜ ਕੇ ਕਿਹਾ—"ਪਲੀਜ਼, ਹੈਲਪ ਆਈ ਵਾਂਟ ਟੂ ਲਾਈ ਡਾਊਨ, ਜਿੰਮ ਨੇ ਸਾਰੇ ਕਪੜੇ ਅੰਡਰ ਵੀਅਰ ਛਡ ਕੇ ਲਾਹੇ ਹੋਏ ਸਨ। ਇੰਜ ਕਹੋ ਕਿ ਕਮਰੇ 'ਚ ਖਿਲਰੇ ਹੋਏ ਸਨ। ਪੱਖਾ ਪੂਰੀ ਸਪੀਡ ਨਾਲ ਚਲ ਰਿਹਾ ਸੀ। ਪਰ ਉਧ ਪਸੀਨੇ ਨਾਲ ਭਿਜਿਆ ਪਿਆ ਸੀ। "ਡੈਮੱਡ ਟੂ ਹਾਟ।" ਏਸ ਦੀਆਂ ਅਖਾਂ ਵਿਚ ਇਕ ਇਹੋ ਜਿਹਾ ਸੁਆਲ ਸੀ ਜਿਸਦਾ ਜਵਾਬ ਉਸਨੂੰ ਨਹੀਂ ਸੀ ਲੱਭ ਰਿਹਾ। ਠਾਕੁਰ ਨੇ ਮੇਜ਼ ਤੇ ਰਖੀ ਹੋਈ ਚਾਹ ਦੀ ਕੇਤਲੀ ਵਲ ਇਸ਼ਾਰਾ ਕਰ ਕੇ ਕਿਹਾ—"ਸਾਹਬ ਚਾਹ ਚਮਚਾ ਚੀਨੀ। ਜਿੰਮ ਨੇ ਗਰਜ ਕੇ ਕਿਹਾ—"ਡਾਇਮਡ ਨੋ ਟੈਲ ਹਿਮ ਟੂ ਬਰਿੰਗ ਏ ਕਾਟ।" ਉਹ ਛੇਤੀ ਛੇਤੀ ਆਪਣੀਆਂ ਕਿਤਾਬਾਂ ਨੂੰ ਸੈਲਫ਼ ਚੋਂ ਉਲਟਾ ਪੁਲਟਾ ਰਿਹਾ ਸੀ। ਠਾਕੁਰ ਨੇ ਛੇਤੀ ਨਾਲ ਕਿਹਾ—" ਸਾਹਬ ਤਾਂ ਜੋ ਮੈਂ ਸਮਝਿਆਂ ਉਹ ਚਮਚ ਚੀਨੀ ਚਾਹ ਈ ਸੀ।" ਪਛਮ ਤੇ ਪੂਰਬ ਦੋਨੋਆਂ ਦੀ ਸਮੱਸਿਆ ਦਾ ਹਲ ਸੀ। ਮੈਂ ਛੇਤੀ ਨਾਲ ਠਾਕੁਰ ਨੂੰ ਸਮਝਾਇਆ, ਕਿ ਉਹਦੇ ਸਾਹਬ ਨੂੰ ਚਾਰਪਾਈ ਚਾਹੀਦੀ ਹੈ। ਇਹ ਸੁਣ ਕੇ ਜਿੰਮ ਦੇ ਚੇਹਰੇ ਤੇ ਰੌਣਕ ਆ ਗਈ। "ਦੈਟ ਇਜ਼ ਗੁੱਡ।" ਫੇਰ ਉਸ ਨੇ ਠਾਕੁਰ ਵਲ ਦੇਖ ਕੇ ਕਿਹਾ—"ਸਮਝਾ" ਪਰ ਉਸ ਦੀ ਬੋਲੀ ਇਸ ਤਰ੍ਹਾਂ ਦੀ ਸੀ ਕਿ ਕਿਸੇ ਨੂੰ ਵੀ ਸਮਝ ਨਾ ਆਵੇ। "ਇੰਡੀਆ-ਟੂ ਹਾਟ।" ਅਤੇ ਫੇਰ ਆਪਣੇ ਖਾਲੀ ਹਥਾਂ ਨਾਲ ਪੱਖਾ ਝਲਣ ਲਗ ਪਿਆ ਤੇ ਠਾਕੁਰ ਬੁੜ-ਬੁੜਾਉਣ ਲਗਾ। "ਚਾਹ-ਚਾਹ ਚਾਅ। ਸਾਲਾ, ਚਾਰਪਾਈ ਪਹਿਲਾਂ ਹੀ ਕਹਿੰਦਾ ਤਾਂ ਮੁਸੀਬਤ ਕਿਉਂ ਆਉਂਦੀ, ਚਾਹ ਨਾਲ ਕੀ ਕੀ ਬਣਦਾ ਏ।" ਮੈਂ ਹਸ ਕੇ ਕਿਹਾ—"ਚਰਖਾ, ਚਮਗਿਦੜ, ਚੂਹਾ ਚੁਲ੍ਹਾ।" ਤੇ ਮੈਂ ਫੇਰ ਸ਼ਰਾਰਤ ਨਾਲ ਹੋਰ ਕਹਿਣ ਲਗਾ ਸਾਂ ਕਿ ਚੁੰਨੀ ਅਤੇ ਅਗੇ

ਵਧੋ ਤਾਂ 'ਚ' ਨਾਲ। ਪਰ ਚੁਪ ਰਿਹਾ। ਤੇ ਠਾਕੁਰ ਨੇ ਮੰਜੀ ਕਮਰੇ 'ਚ ਲਿਆਂਦੀ ਤੇ ਜਿੰਮ ਵੱਢੇ ਰੁਖ ਵਾਂਗ ਉਸ ਉਤੇ ਡਿਗ ਪਿਆ ਤੇ ਠਾਕੁਰ ਬੁਰਾ ਜਿਹਾ ਮੂੰਹ ਬਣਾਉਣ ਲੱਗ ਪਿਆ।

ਏਸ ਤੋਂ ਪਿਛੋਂ ਕਈ ਵਾਰੀ ਠਾਕੁਰ ਤੇ ਜਿੰਮ ਨੂੰ ਸਮਝਾਉਣ ਵਾਸਤੇ ਅੰਗਰੇਜ਼ੀ ਪੰਜਾਬੀ ਦਾ ਸ਼ਬਦ-ਕੋਸ਼ ਬਣਨਾ ਪਿਆ। ਕਿ ਦਾਲ ਦਾ ਮਤਲਬ, ਦਵਾਤ ਹੈ ਸਿਆਹੀ ਵਾਲੀ। ਦਰੀ ਜਾਂ ਦਹੀਂ ਨਹੀਂ। ਜਾਂ ਸੀਨ ਨਾਲ ਉਹ ਸਫੈਦੀ ਕਰਾਉਣਾ ਚਾਹੁੰਦਾ, ਸਿਆਪਾ ਨਹੀਂ।

ਜਿੰਮ ਨੂੰ ਅਮਰੀਕਾ ਤੋਂ ਆਏ ਨੂੰ ਮੁਸ਼ਕਲ ਨਾਲ ਚਾਰ ਮਹੀਨੇ ਹੋਏ ਸਨ। ਸਰਦੀ ਤਾਂ ਉਹਨੇ ਕਿਸੇ ਨਾ ਕਿਸੇ ਤਰ੍ਹਾਂ ਕਟ ਹੀ ਲਈ ਤੇ ਦੋ ਮਹੀਨੇ ਉਹਦਾ ਸਾਥੀ ਬੌਬ ਨਾਲ ਸੀ ਜਿਸ ਨੇ ਦੋ ਸਾਲ ਵਿਚ ਥੋੜੀ ਬਹੁਤੀ ਹਿੰਦੁਸਤਾਨੀ ਸਿਖ ਲਈ ਸੀ। ਠਾਕੁਰ ਤਾਂ ਉਹਦੀ ਗਲ ਸਮਝ ਲੈਂਦਾ ਸੀ, ਪਰ ਜਿੰਮ ਵਿਚਾਰੇ ਵਾਸਤੇ ਮੁਸ਼ਕਲ ਸੀ। ਉਹ ਫਿਲੇਡਲਫੀਆ ਰਿਆਸਤ ਦਾ ਰਹਿਣ ਵਾਲਾ ਸੀ। ਬਾਈ-ਤੇਈ ਵਰ੍ਹਿਆਂ ਦਾ। ਯੂਨੀ: ਵਿਚ ਇਤਿਹਾਸ ਦਾ ਵਿਦਿਆਰਥੀ ਸੀ। ਤੇ ਉਥੇ ਹੀ ਉਹ ਨੇ ਭਾਰਤ ਦੇਸ਼ ਬਾਰੇ ਚੋਖਾ ਪੜ੍ਹਿਆ ਸੀ ਤੇ ਉਹਨੂੰ ਇਹ ਦੇਸ਼ ਦੇਖਣ ਦਾ ਬੜਾ ਹੀ ਚਾਅ ਸੀ। ਪਰ ਨਿਰੇ ਚਾਅ ਨਾਲ ਕੀ ਬਣਦਾ ਏ ਕਿ ਉਸਦਾ ਚਾਅ ਉਹ ਨੂੰ ਚਾਰ ਪਾਈ ਕਹਿਣ ਦਾ ਸ਼ਬਦ ਵੀ ਜੇ ਨਾ ਸਿਖਾ ਸਕਿਆ।

ਪਹਿਲੋਂ ਤਾਂ ਉਹ ਮਿੰਟ ਮਿੰਟ ਪਿਛੋਂ ਅੰਗਰੇਜ਼ੀ-ਹਿੰਦੁਸਤਾਨੀ ਡਿਕਸ਼ਨਰੀ ਕੱਢਦਾ ਸੀ ਪਰ ਏਸ ਘਟਨਾ ਤੋਂ ਬਾਅਦ ਅਮਰੀਕਾ ਅਤੇ ਹਿੰਦੁਸਤਾਨ ਦੇ ਵਿਚਾਲੇ ਮੈਂ ਪੁਲ ਬਣ ਕੇ ਰਹਿ ਗਿਆ। ਉਸ ਨੂੰ ਕਈ ਵਾਰੀ ਅਚੰਭਾ ਹੁੰਦਾ ਕਿ ਮੈਨੂੰ ਏਨੀ ਹਿੰਦੁਸਤਾਨੀ ਕਿਵੇਂ ਆਉਂਦੀ ਸੀ ਜਿਵੇਂ ਅੰਗਰੇਜ਼ੀ ਮੇਰੀ ਮਾਤ੍ਰੀ ਭਾਸ਼ਾ ਹੋਵੇ ਤੇ ਹਿੰਦੁਸਤਾਨੀ ਮੈਂ ਇਥੇ ਆ ਕੇ ਸਿੱਖੀ ਹੋਵੇ। ਤੇ ਜਦ ਮੈਂ ਉਹਨੂੰ ਸਮਝਾਇਆ ਤੇ ਉਹ ਹੋਰ ਵੀ ਹੈਰਾਨ ਹੋਇਆ ਕਿ ਮੈਨੂੰ ਅੰਗਰੇਜ਼ੀ ਕਿਵੇਂ ਆਉਂਦੀ ਸੀ। ਪਰ ਖ਼ੈਰ, ਇਸ ਤਰ੍ਹਾਂ ਮੈਂ ਤੇ ਜਿੰਮ ਇਕ ਦੂਜੇ ਦੇ ਬੜੇ ਨੇੜ ਆ ਗਏ। ਉਸਨੂੰ ਸਚੀ ਹੀ ਭਾਰਤ ਨਾਲ ਬਹੁਤ ਪਿਆਰ ਸੀ। ਉਹ ਇਥੋਂ ਬਹੁਤ ਕੁਝ ਸਿਖਣਾ ਚਾਹੁੰਦਾ ਸੀ। ਜਾਣ ਤੋਂ ਪਹਿਲੋਂ ਉਹ ਸਾਰੇ ਦੇਸ਼ ਨੂੰ ਦੇਖਣ ਦਾ ਇੱਛਕ ਸੀ। ਵਾਹਮੇ ਤੋਂ ਨਾਗੇ ਤੱਕ ਤੇ ਲੇਹ ਤੋਂ ਕੰਨਿਆ ਕੁਮਾਰੀ ਤਕ। ਉਹਨੇ ਬਹੁਤ ਸਾਰੀਆਂ ਕਿਤਾਬਾਂ ਇਕੱਠੀਆਂ ਕੀਤੀਆਂ ਹੋਈਆਂ ਸਨ ਹਿੰਦੁਸਤਾਨ ਦੇ ਅਨੇਕ ਧਰਮਾਂ ਉਤੇ, ਮੰਦਰਾਂ ਮਸੀਤਾਂ ਉਤੇ, ਪਤਵੰਤੇ ਸਜਣਾ ਉਤੇ, ਇਤਿਹਾਸਿਕ, ਸਮਾਜਿਕ, ਧਾਰਮਿਕ ਰਸਮ ਰਿਵਾਜਾਂ ਉਤੇ ਮੇਲਿਆਂ ਮੁਸ਼ਾਹਿਰਿਆਂ ਉਤੇ, ਤਿਉਹਾਰਾਂ ਤੇ ਦੂਜੇ ਦਿਨਾਂ ਵਾਰਾਂ ਆਦਿ ਉਤੇ। ਪਰ ਹਿੰਦੁਸਤਾਨੀ ਫਿਲਾਸਫੀ ਦੀਆਂ ਪੀਡੀਆਂ ਗੁੰਝਲਾਂ ਅਮਰੀਕਾ ਦੀ ਨਵੀਂ ਰੌਸ਼ਨੀ ਦੇ ਦੀਵੇ ਥਲੇ ਉਹਦੀ ਸਮਝ ਵਿਚ ਨਹੀਂ ਸਨ ਆਉਂਦੀਆਂ। ਉਹ ਸਭ ਕੁਝ ਗਡ-ਮਡ ਕਰਕੇ ਰੱਖ ਦਿੰਦਾ। ਤੇ ਉਲਟੀਆਂ ਪੁਲਟੀਆਂ ਗੱਲਾਂ ਕਰਦਾ ਜੀਹਦਾ ਜਵਾਬ ਮੇਰੇ ਕੋਲ ਕੋਈ ਨਹੀਂ ਸੀ।

ਜਦ ਕਦੇ ਮੈਂ ਸ਼ਾਮ ਨੂੰ ਵਿਹੜੇ ਵਿਚ ਪਾਣੀ ਛਿੜਕ ਕੇ ਆਰਾਮ ਨਾਲ ਮੰਜੀ ਤੇ ਬਹਿੰਦਾ ਤਾਂ ਉਹ ਮੇਰੇ ਕੋਲ ਆ ਜਾਂਦਾ ਇਕ ਦੋ ਵਾਰ ਮੈਂ ਉਹਦੇ ਲਈ ਕੁਰਸੀ ਮੰਗਵਾਈ। ਪਰ ਉਹਨੇ ਚੌਕੜੀ ਮਾਰ ਕੇ ਮੰਜੇ ਉਤੇ ਬਹਿਣਾ ਸਿਖ ਲਿਆ ਸੀ। ਉਹ ਮੇਰੇ ਕੋਲੋਂ ਭਾਰਤ ਦੇ ਭਿੰਨ ਭਿੰਨ ਵਿਸ਼ਿਆਂ ਉਤੇ ਸਵਾਲ ਪੁਛਦਾ ਤੇ ਮੈਨੂੰ ਜੋ ਕੁਝ ਪਤਾ ਸੀ ਉਹਨੂੰ ਦਸਦਾ ਰਹਿੰਦਾ।

ਇਕ ਦਿਨ ਉਹਨੇ ਮੈਨੂੰ ਪੁਛਿਆ "ਕੀ ਤੁਸੀਂ ਆਰੀਅਨ ਹੋ ?"

"ਹਾਂ" ਮੈਂ ਮਾਣ ਨਾਲ ਆਪਣੀ ਛਾਤੀ ਚੌੜੀ ਕਰਕੇ ਕਿਹਾ।

"ਆਰੀਅਨ ਤੁਸੀਂ ਕਿਸਤਰ੍ਹਾਂ ਹੋ ਸਕਦੇ ਹੋ ?" ਉਹਦੇ ਚਿਹਰੇ 'ਤੇ ਸਵਾਲੀ ਨਿਸ਼ਾਨ ਸੀ।

"ਕਿਉਂ ? ਤੈਨੂੰ ਕਿਉਂ ਸ਼ੱਕ ਹੈ ਜਿੰਮ ?"

ਮੈਂ ਉਸ ਤੋਂ ਹੈਰਾਨੀ ਨਾਲ ਪੁਛਿਆ। ਏਸ ਕਾਰਣ ਉਹ ਨੇ ਮੁਠੀ ਬੰਦ ਕਰਕੇ ਕਿਹਾ "ਤੁਹਾਡੀ ਕੌਮ ਵਿੱਚ ਬਹੁਤ ਕੌਮਾਂ ਦਾ ਲਹੂ ਮਿਲਿਆ ਹੋਇਆ ਹੈ ?"

"ਕੀ ?" ਮੈਂ ਚੀਕ ਪਿਆ।

ਪਰ ਉਹ ਬਿਲਕੁਲ ਠੰਡੇ ਸੁਭਾਅ ਨਾਲ ਬੋਲ ਰਿਹਾ ਸੀ। ਉਹ ਨੇ ਕਿਹਾ—"ਸੁਣੋ, ਹਜ਼ਾਰਾਂ ਵਰ੍ਹਿਆਂ ਤੋਂ ਏਸ ਦੇਸ਼ 'ਤੇ ਦਰਾਵੜ ਆਰੀਅਨ, ਯੂਨਾਨੀ, ਪਾਰਥੀਅਨ ਸਕਾਈ, ਹੂਨ, ਮੰਗੋਲ, ਮੁਸਲਮਾਨ ਅਤੇ ਅੰਗਰੇਜ਼ ਹਮਲਾ ਕਰਨ ਵਾਲਿਆਂ ਦੇ ਰੂਪ 'ਚ ਆਏ ਤੇ ਰਾਜ ਕਰਨ ਵਾਲਿਆਂ ਦੇ ਰੂਪ 'ਚ ਵੱਸ ਗਏ। ਜਿੱਤਣ ਤੇ ਹਾਰਨ ਵਾਲਿਆ ਦੋਹਾਂ ਦਾ ਖ਼ੂਨ ਇਕ ਦੂਜੇ ਨਾਲ ਮਿਲਦਾ ਰਹਿੰਦਾ ਏ। ਏਸ ਕਾਰਨ ਕਿਸੇ ਦਾ ਵੀ ਖਾਲਸ ਹੋਣਾ ਬੜਾ ਮੁਸ਼ਕਲ ਹੈ। ਮੈਂ ਗੁੱਸੇ ਨਾਲ ਕਿਹਾ—"ਜਿਵੇਂ ਤੁਸੀਂ ਅਮਰੀਕਨ ਦੋਗਲੇ ਹੋ।"

ਉਸ ਨੇ ਗੁੱਸਾ ਨਹੀਂ ਮੰਨਿਆ ਤੇ ਉਸੇ ਤਰ੍ਹਾਂ ਹੀ ਸੰਜੀਦਗੀ ਨਾਲ ਕਿਹਾ—"ਮੈਨੂੰ ਆਪਣੇ ਦੋਗਲੇਪਣ ਉਤੇ ਕਦੇ ਸ਼ਰਮ ਨਹੀਂ ਆਉਂਦੀ। ਕੀ ਤੁਸੀ ਕਦੇ ਦੋਗਲੀ ਮੱਕੀ ਦੋਗਲਾ ਬਾਜਰਾ ਅਤੇ ਪਿਉਂਦੀ ਫੁਲ ਪੌਦੇ ਨਹੀਂ ਵੇਖੇ ? ਤੁਹਾਡਾ ਕੀ ਖਿਆਲ ਹੈ ਕਿ ਉਹਨਾਂ ਦਾ ਰੂਪ ਪਹਿਲੇ ਨਾਲੋਂ ਚੰਗਾ ਨਹੀਂ ਹੁੰਦਾ ?" ਇਹ ਕਹਿ ਕੇ ਉਹ ਉਠ ਖੜੋਤਾ ਛੇ ਫੁੱਟ ਤੋਂ ਉਚਾ ਕੱਦ। ਨੀਲੀਆਂ ਅੱਖਾਂ, ਸੁਰਖ਼ ਵਾਲ, ਸੁਨਹਿਰੀਆਂ ਮੁੱਛਾਂ ਤੇ ਆਪਣੇ ਤਾਂਬੇ ਜਿਹੇ ਰੰਗ ਵਾਲੇ ਸਰੀਰ ਵੱਲ ਇਸ਼ਾਰਾ ਕਰਕੇ ਕਹਿਣ ਲਗਾ- "ਮੇਰੇ ਜਿਸਮ ਦਾ ਇੱਕ ਇੱਕ ਅੰਗ ਵੱਖ ਵੱਖ ਕੌਮ ਦੀ ਇਮਾਨਤ ਹੈ। ਮੇਰੇ ਜਿਸਮ ਵਿਚ ਡੱਚ, ਅੰਗਰੇਜ਼, ਇਟਲੀ, ਫਰਾਂਸ, ਜਰਮਨ, ਸਪੇਨ, ਤੇ ਸ਼ਾਇਦ ਰੈਡ ਇੰਡੀਅਨ ਦਾ ਖ਼ੂਨ ਵੀ ਹੈ। ਤੇ ਤਦ ਉਸਨੇ ਆਪਣਾ ਲੰਮਾ ਚੌੜਾ ਹੱਥ ਮੇਰੇ ਮੋਢੇ ਉਤੇ ਰੱਖ ਕੇ ਧੀਰਜ ਨਾਲ ਕਿਹਾ—"ਮੇਰੇ ਪੁਰਖਿਆਂ ਨੇ ਔਰਤ ਤੇ ਉਹਦੀ ਮੁਹੱਬਤ ਨਾਲ ਸ਼ਾਦੀ ਕੀਤੀ ਹੈ। ਕਿਸੇ ਜਾਤੀ ਦੇ ਖਾਸ ਵਿਅਕਤੀ ਨਾਲ ਨਹੀਂ। ਬੰਦੇ ਦੀ ਸ਼ਾਦੀ ਦਾ ਮਸਲਾ ਕੌਮਾਂਤਰੀ ਸੰਘ ਦਾ ਮਸਲਾ ਨਹੀਂ।" ਉਹ ਕੁਝ ਦੇਰ ਚੁਪ ਰਿਹਾ ਤੇ ਫੇਰ ਉਹਨੇ ਦੂਰ ਵਾਯੂ-ਮੰਡਲਾਂ 'ਚ ਘੂਰਦਿਆਂ ਹੌਲੀ ਜਿਹੀ ਕਿਹਾ—"ਹੁਣ ਮੈਂ ਕਿਸੇ ਹਿੰਦੁਸਤਾਨੀ ਕੁੜੀ ਨਾਲ ਸ਼ਾਦੀ ਕਰਨੀ ਚਾਹੁੰਦਾ ਹਾਂ ਮੈਂ ਚੌਂਕ ਪਿਆ ਤੇ ਇਕਦਮ ਮੇਰੇ ਮੂੰਹੋਂ ਨਿਕਲਿਆ "ਕਿਉਂ ?"

ਪਰ ਜਿੰਮ ਨੇ ਮੇਰਾ ਸਵਾਲ ਸੁਣਿਆ ਅਣ-ਸੁਣਿਆ ਕਰ ਦਿੱਤਾ। ਉਹ ਕਹਿ ਰਿਹਾ ਸੀ—"ਕਿਉਂਕਿ ਉਹਨਾਂ ਵਿਚ ਇਸਤਰੀਪਣ ਹਾਲੇ ਵੀ ਬਾਕੀ ਹੈ। ਇਹਨਾਂ ਦੇ ਜਿਸਮ ਦਾ ਹਰ ਹਿੱਸਾ ਕੇਵਲ ਆਪਣੇ

ਪਤੀ ਵਾਸਤੇ ਈ ਏ।"

ਫੇਰ ਉਹਨੇ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ—"ਕੀ ਤੁਸੀਂ ਕਦੇ ਸਾੜ੍ਹੀ ਵਾਲੀ ਔਰਤ ਨੂੰ ਕਦੀ ਆਪਣਾ ਅੰਗ ਦੂਜੇ ਵਾਸਤੇ ਖੋਲ੍ਹ ਕੇ ਵਿਖਾਉਂਦਿਆਂ ਤਕਿਆ ਹੈ?"

ਮੈਂ ਉਸ ਨੂੰ ਕੁਝ ਕਹਿਣਾ ਚਾਹੁੰਦਾ ਸਾਂ ਪਰ ਉਹਨੇ ਕਹਿਣ ਦਾ ਮੌਕਾ ਹੀ ਨਹੀਂ ਦਿਤਾ। ਉਹ ਆਪਣੇ ਆਪ ਵਿਚ ਗੁੰਮਿਆ ਹੋਇਆ ਸੀ ਤੇ ਇੰਜ ਜਾਪਦਾ ਸੀ ਕਿ ਉਹ ਮੈਨੂੰ ਨਹੀਂ ਸੁਣਾ ਰਿਹਾ ਪੂਰਬ ਤੇ ਪੱਛਮੀ ਸਭਿਅਤਾ ਉਤੇ ਲੈਕਚਰ ਦੇ ਰਿਹਾ ਹੈ। ਉਹਨੇ ਕਿਹਾ—"ਹਾਂ ਹੁਣ ਤੁਸੀਂ ਪੁੱਛੋਗੇ ਕਿ ਅਮਰੀਕਾ ਵਿਚ ਜ਼ਨਾਨੀਆਂ ਨਹੀਂ ਵਸਦੀਆਂ? ਜ਼ਰੂਰ ਵਸਦੀਆਂ ਨੇ ਨਹੀਂ ਤਾਂ ਮੈਂ ਕਿਥੋਂ ਪੈਦਾ ਹੁੰਦਾ? ਅਮਰੀਕਨ ਕੌਮ ਕਿਵੇਂ ਉਪਜਦੀ? ਪਰ ਮੈਂ ਨੰਗੇਜ ਤੋਂ ਬੜਾ ਤੰਗ ਹਾਂ। ਔਰਤ ਦੀਆਂ ਟੰਗਾਂ, ਸੀਨਾ, ਬਾਹਵਾਂ, ਨੁਮਾਇਸ਼ ਦੀਆਂ ਚੀਜ਼ਾਂ ਨਹੀਂ। ਕਿਸੇ ਇਕ ਦੀ ਅਮਾਨਤ ਨੇ।"

ਤੇ ਫੇਰ ਅਚਾਨਕ ਹੀ ਹੱਸ ਕੇ ਕਹਿਣ ਲੱਗਾ—"ਤੇ ਮੈਂ ਤਾਂ ਉਸ ਕੁੜੀ ਨਾਲ ਵਿਆਹ ਕਰਾਂਗਾ ਜਿਹੋ ਜਿਹੀ ਮੈਂ ਦਿੱਲੀ ਦੇਖੀ ਸੀ। ਸਿਰ ਤੋਂ ਪੈਰ ਤਕ ਕਾਲੇ ਪਰਦੇ ਵਿਚ ਲੁਕੀ ਹੋਈ। ਅਤੇ ਉਹ ਏਸ ਪਹਿਰਾਵੇ ਵਿਚ ਨਿਊਯਾਰਕ ਦੇ ਬਜ਼ਾਰਾਂ 'ਚ ਕਿਹੋ ਜਿਹੀ ਲਗੇਗੀ।" ਤੇ ਫੇਰ ਉਹਨੇ ਆਪਣੀ ਛਾਤੀ 'ਤੇ ਹਥ ਮਾਰਕੇ ਕਿਹਾ—ਲੋਕਾਂ ਦੀਆਂ ਭੁੱਖੀਆਂ ਨਿਗਾਹਾਂ ਉਹਦੀ ਕਾਲੀ ਢਾਲ ਨਾਲ ਟਕਰਾ ਕੇ ਟੁੱਟ ਜਾਣਗੀਆਂ ਤੇ ਹੈਰਾਨ ਹੋ ਕੇ ਇਕ ਦੂਜੇ ਨੂੰ ਪੁਛਣਗੇ, "ਇਹ ਕੀ ਚੀਜ਼ ਏ। 'ਤੇ ਮੈਂ ਛਾਤੀ ਤਾਣ ਕੇ ਉਹਨਾਂ ਨੂੰ ਦਸਾਂਗਾ ਕਿ ਇਹ ਮੇਰੀ ਬੀਵੀ ਹੈ। ਅਛੂਤੀ, ਅਮੋਲਕ ਅਤੇ ਖਾਲਸ ਪੂਰਬੀ। ਕਿਉਂ?......"

ਮੈਂ ਹੱਸ ਪਿਆ—"ਤੇ ਤੁਹਾਡੇ ਬੱਚੇ ਜਿਮ?" ਮੇਰੇ ਲਹਿਜੇ ਵਿਚ ਤਿੱਖਾਪਣ ਸੀ। "ਮੇਰੇ ਬੱਚੇ" ਜਿਮ ਕੁਝ ਦੇਰ ਸੋਚਣ ਲਗਾ, "ਮੇਰੇ ਜਿਹੇ ਲੰਮੇ ਚੌੜੇ, ਸਾਂਵਲੇ ਵੱਡੀਆ ਅੱਖਾਂ ਵਾਲੇ, ਕਾਲੇ ਵਾਲਾਂ ਵਾਲੇ ਤੇ ਧੀਮੇ ਸੁਰ 'ਚ ਗੱਲਾਂ ਕਰਨ ਵਾਲੇ ਹੋਣਗੇ।"

ਤੇ ਫੇਰ ਆਪਣੇ ਖਾਸ ਫਲਸਫਾਨਾ ਅੰਦਾਜ਼ਾ 'ਚ ਬੋਲਿਆ—"ਇਥੇ ਪੱਛਮ ਤੇ ਪੂਰਬ ਆਪਸ ਵਿਚ ਮਿਲਣਗੇ ਤੇ ਕਿਪਲਗ ਦੀ ਆਤਮਾਂ ਕਬਰ 'ਚ ਪਾਸਾ ਪਰਤੇਗੀ।"

ਮੈਂ ਫੇਰ ਹੱਸ ਕੇ ਪੁਛਿਆ—"ਇਨ੍ਹਾਂ ਪਿਉਂਦੀ ਬਚਿਆਂ ਨੂੰ ਲੋਕ ਕੀ ਕਹਿਣਗੇ?" "ਤਾਂ ਜਿਮ ਨੇ ਪੈਂਦੀ ਸੱਟੇ ਕਿਹਾ—"ਇਨਸਾਨ! ਇਹ ਨਸਲ ਦਾ ਝੰਡਾ ਚੁੱਕ ਕੇ ਸੰਸਾਰ ਵਿਚ ਸੁਖ ਅਤੇ ਸ਼ਾਂਤੀ ਦਾ ਪ੍ਰਚਾਰ ਕਰੇਗੀ।" ਮੈਂ ਫੇਰ ਹੱਸਿਆ—"ਅੱਜ ਤਾਂ ਬੜੀ ਉੱਚੀ ਉਡਾਰੀ ਮਾਰ ਰਿਹਾ ਏਂ ਜਿਮ।" ਮੇਰੀ ਅਵਾਜ਼ 'ਚ ਤਿਖਾਪਣ ਸੀ। ਪਰ ਸ਼ਾਇਦ ਜਿਮ ਬੁਰਾ ਮੰਨਣਾ ਸਿਖਿਆ ਈ ਨਹੀਂ ਸੀ। ਉਸਨੇ ਕਿਹਾ—"ਉੱਚਾ ਨਹੀਂ ਉਡਦਾ ਧਰਤੀ 'ਤੇ ਹੀ ਤੁਰ ਰਿਹਾ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਮੇਰੇ ਵਿਚ ਲੱਖ ਘਾਟਾਂ ਹੋਣਗੀਆਂ ਤੇ ਜੇ ਏਸ ਜ਼ਨਾਨੀ ਦਾ ਜੇ ਮੈਂ ਇਕ ਵਾਰ ਹੱਥ ਫੜਿਆ ਤਾਂ ਉਹ ਕਦੀ ਨਹੀਂ ਛੁਡਾਉਣ ਲੱਗੀ।"

ਜਿਮ ਦੀ ਜ਼ਬਾਨ ਰੁਕ ਗਈ ਪਰ ਅੱਖਾਂ 'ਚ ਦਰਦ ਵਧ ਗਿਆ ਜਾਪਿਆ। ਮੈਨੂੰ ਇੰਜ ਮਹਿਸੂਸ ਹੋਇਆ ਕਿ ਉਹਦੇ ਅੰਗ ਅੰਗ 'ਚ ਕੋਈ ਖਾਸ ਕਿਸਮ ਦੀ ਭਾਵਨਾ ਹੈ ਜਿਸ ਅੰਦਰ ਡੂੰਘੀਆਂ ਪੀੜਾਂ ਨੇ। ਉਹਦੇ ਅੰਦਰ ਤੇ ਬਾਹਰ ਇਕ ਖਾਸ ਕਿਸਮ ਦਾ ਅੰਤਰ ਸੀ। ਉਹਦੀਆਂ ਨੀਲੀਆਂ ਅੱਖਾਂ ਵਾਲੀ ਝੀਲ 'ਚ ਪਾਣੀ ਦੀ ਇਕ ਲਹਿਰ ਜਿਹੀ ਉਠੀ। ਉਹ ਨੇ ਮੇਰੇ ਵੱਲ ਤੱਕਿਆ ਤੇ ਉਭੜਵਾਹੇ ਮੈਨੂੰ ਛਡ ਕੇ ਆਪਣੇ ਮਕਾਨ ਵੱਲ ਚਲਾ ਗਿਆ। ਮੈਂ ਉਹਦੀ ਪਿੱਠ ਵੱਲ ਹੈਰਾਨਗੀ ਨਾਲ ਤਕਦਾ ਰਿਹਾ। ਤੇ ਸੋਚਣ ਲੱਗਾ ਅਜੀਬ ਆਦਮੀ ਏ ਜਿਮ ਵੀ। ਜਿਹੜਾ ਇਕ ਆਮ ਹਿੰਦੁਸਤਾਨੀ ਔਰਤ ਨੂੰ ਪੂਰਨ ਦੇਵੀ ਸਮਝਦਾ ਏ ਜਦ ਕਿ ਸਾਡੇ ਵਿਚ ਅਨੇਕਾਂ ਕਮਜ਼ੋਰੀਆਂ ਨੇ ਤੇ ਬਾਕੀ ਅਮਰੀਕਨ ਤਾਂ ਸਾਨੂੰ ਹਨੇਰੇ ਦੇਸ਼ ਦੇ ਵਾਸੀ ਹੀ ਸਮਝਦੇ ਹਨ। ਜਿਨ੍ਹਾਂ ਦਾ ਨਵੀਂ ਸਭਿਅਤਾ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ।

ਜਿਮ ਇਕ ਮਹੀਨਾ ਛੁੱਟੀ ਚਲਾ ਗਿਆ ਭਾਰਤ ਦਰਸ਼ਨਾਂ ਲਈ। ਤੇ ਮੈਂ ਆਪਣੇ ਕੰਮ ਕਾਰ ਵਿਚ ਰੁੱਝ ਗਿਆ। ਗਰਮੀਆਂ ਦੀਆਂ ਛੁੱਟੀਆਂ ਵਿਚ ਮੇਰਾ ਲੜਕਾ ਤੇ ਲੜਕੀ ਜੋ ਪਟਿਆਲਾ ਯੂਨੀਵਰਸਿਟੀ ਵਿਚ ਸਨ ਮੇਰੇ ਕੋਲ ਆਏ। ਇਹਨਾਂ ਦੀ ਮਾਂ ਵੀ ਇਨਾਂ ਦੇ ਨਾਲ ਰਹਿੰਦੀ ਸੀ ਤਾਂ ਜੋ ਸਾਨੂੰ ਹੋਸਟਲ ਦਾ ਖਰਚ ਨਾ ਦੇਣਾ ਪਵੇ ਅਤੇ ਰੋਟੀ ਵੀ ਚੰਗੀ ਮਿਲੇ। ਆਦਮੀ ਜਦ ਪਿਉ ਬਣ ਜਾਵੇ ਤਾਂ ਇਹ ਗੱਲਾਂ ਸੋਚਣੀਆਂ ਹੀ ਪੈਂਦੀਆਂ ਹਨ। ਜਿਮ ਮੇਰੇ ਖਿਆਲਾਂ ਵਿਚੋਂ ਨਿਕਲ ਚੁੱਕਾ ਸੀ। ਆਪਣੇ ਛੱਡ ਕੇ ਪਰਾਇਆ ਨੂੰ ਕੌਣ ਯਾਦ ਰਖਦਾ ਹੈ।

ਉਸ ਦਿਨ ਘਰ ਵਿਚ ਬੜੀ ਰੌਣਕ ਸੀ। ਰੱਖੜੀ ਦਾ ਤਿਉਹਾਰ ਸੀ। ਦੋਨੋਂ ਭੈਣ ਭਰਾ ਆਹਮੋ-ਸਾਹਮਣੇ ਬੈਠੇ ਸਨ। ਭੈਣ ਦੇ ਇਕ ਹੱਥ ਵਿਚ ਰੱਖੜੀ ਤੇ ਦੂਜੇ ਵਿਚ ਲੱਡੂ ਸੀ। ਭਰਾ ਦੇ ਹੱਥ ਵਿਚ ਦਸ ਦਾ ਨੋਟ ਤੇ ਥਾਲੀ ਵਿਚ ਦੀਪ, ਸੰਧੂਰ, ਕੇਸਰ ਤੇ ਦੋ ਚਾਰ ਦਾਣੇ ਚੌਲਾਂ ਦੇ।

ਭੈਣ ਨੇ ਤਿਲਕ ਲਾ ਕੇ ਰਖੜੀ ਬੰਨ੍ਹੀ। ਭਰਾ ਦੇ ਮੂੰਹ 'ਚ ਲੱਡੂ ਪਾ ਕੇ ਦਸ ਦੇ ਨੋਟ ਨੂੰ ਝਪੱਟਾ ਮਾਰਿਆ ਤਾਂ ਸਾਨੂੰ ਇੰਜ ਜਾਪਿਆ ਜਿਵੇਂ ਕਮਰੇ ਦੇ ਬੂਹੇ ਸਾਹਮਣੇ ਕੋਈ ਹੋਰ ਵੀ ਖੜਾ ਹੈ। ਉਹ ਜਿਮ ਸੀ। ਪਤਾ ਨਹੀਂ ਕਿੰਨੀ ਦੇਰ ਤੋਂ ਉਹ ਤਮਾਸ਼ਾ ਦੇਖ ਰਿਹਾ ਸੀ। ਉਸਦੇ ਚਿਹਰੇ ਉਤੇ ਬੜੀ ਗਹਿਰੀ ਹੈਰਾਨੀ ਸੀ। ਉਹਨੇ ਨਾ ਰਾਮ ਰਾਮ ਕੀਤੀ ਨਾ ਹੀ ਕੁਝ ਪੁਛਿਆ। ਬਸ ਏਨਾ ਹੀ ਕਿਹਾ—"ਪਲੀਜ਼ ਵੇਟ" ਠਹਿਰੋ! ਤੇ ਦੌੜ ਕੇ ਉਹ ਕਮਰੇ ਵਿਚੋਂ ਨਿਕਲ ਗਿਆ। ਅਸੀਂ ਸਾਰੇ ਖਾਲੀ ਬੂਹੇ ਵੱਲ ਇੰਜ ਬਿਟ ਬਿਟ ਤਕਣ ਲਗ ਪਏ ਜਿਵੇਂ ਕਿ ਸੀਨ ਵਾਸਤੇ ਡਾਇਰੈਕਟਰ ਨੇ ਕੁਝ ਹੋਰ ਕਹਿਣਾ ਹੋਵੇ। ਤਦੇ ਜਿਮ ਆਪਣੇ ਹੱਥ ਵਿਚ ਕੈਮਰਾ ਲੈ ਕੇ ਵਾਪਸ ਆ ਗਿਆ।

"ਪਲੀਜ਼ ਡੂ ਇਟ ਅਗੇਨ।" ਉਹਨੇ ਬੜੀ ਨਿਮਰਤਾ ਪੂਰਬਕ ਬੇਨਤੀ ਕੀਤੀ ਮੈਂ ਆਪਣੇ ਬੱਚਿਆਂ ਨੂੰ ਕਿਹਾ—"ਵਿਦੇਸ਼ੀ ਹੈ, ਇਹਨੂੰ ਭਾਰਤ ਦੇ ਰੀਤੀ ਰਿਵਾਜਾਂ ਤੇ ਤਿਉਹਾਰਾਂ ਨਾਲ ਬੜਾ ਗੂੜ੍ਹਾ ਲਗਾਓ ਹੈ। ਸ਼ਾਇਦ ਇਹ ਤਸਵੀਰ ਲੈਣੀ ਚਾਹੁੰਦਾ ਹੈ, ਅਮਰੀਕਾ ਜਾ ਕੇ ਵਿਖਾਏਗਾ। ਕੀ ਹਰਜ ਏ ਦੁਬਾਰਾ ਫੇਰ ਰਸਮ ਦੁਹਰਾਓ। ਖੇਡ ਈ ਸਹੀ। "ਬੱਚਿਆਂ ਨੇ ਮੁੱਢੋਂ-ਸੁੱਢੋਂ ਸਾਰਾ ਨਾਟਕ ਕੀਤਾ ਪਰ ਬੱਧਿਆਂ ਰੁੱਧਿਆਂ। ਪਰ ਜਿਮ ਵਾਸਤੇ ਕੋਈ ਫ਼ਰਕ ਨਹੀਂ ਸੀ। ਉਹ ਨੇ ਕਈ ਪਾਸਿਆਂ ਤੋਂ ਤਸਵੀਰਾਂ ਖਿਚੀਆਂ ਤੇ ਤਦ ਮੈਥੋਂ ਪੁੱਛਿਆ

"ਇਹ ਕੌਣ ਨੇਂ ?"

ਮੈਂ ਕਿਹਾ—"ਇਹ ਮੇਰਾ ਲੜਕਾ ਤੇ ਇਹ ਮੇਰੀ ਲੜਕੀ।" ਤੇ ਉਹਨੇ ਹਥ ਜੋੜ ਕੇ ਆਪਣੀ ਵਾਕਫੀਅਤ ਕਰਾਈ "ਜਿੰਮ"।

ਮੇਰੇ ਬੱਚੇ ਮੁਸਕਰਾਉਣ ਲਗ ਪਏ ਪਰ ਜਿੰਮ ਦੇ ਚਿਹਰੇ ਉਤੇ ਅਜੇ ਹੈਰਾਨੀ। ਉਸ ਨੇ ਫੇਰ ਪੁਛਿਆ—"ਇਹ ਸਭ ਕੀ ਸੀ ?"

ਉਹਨੂੰ ਵਿਸਥਾਰ ਨਾਲ ਮੈਂ ਸਮਝਾਉਣ ਲਗ ਪਿਆ ਕਿ ਕਿਸ ਤਰ੍ਹਾਂ ਏਸ ਕੱਚੇ ਧਾਗੇ ਦੀ ਮਹੱਤਤਾ ਨਾਲ ਇਕ ਭਰਾ ਸਾਰੀ ਉਮਰ ਆਪਣੀ ਭੈਣ ਦੀ ਰਖਿਆ ਦਾ ਪ੍ਰਣ ਕਰਦਾ ਹੈ, ਏਸੇ ਕਰਕੇ ਇਸਨੂੰ ਰਕਸ਼ਾ ਬੰਧਨ ਕਹਿੰਦੇ ਹਨ। ਜਿੰਮ ਸਾਰੀ ਗੱਲ ਸੁਣ ਕੇ ਬੋਲਿਆ "ਗਰੇਟ-ਮੈਂ ਐਡਿਨਾ ਨੂੰ ਲਿਖਾਂਗਾ ਹੁਣੇ ਈ ਲਿਖਾਂਗਾ।"

"ਐਡਿਨਾ ਕੌਣ ?" ਮੇਰੀ ਲੜਕੀ ਨੇ ਪੁੱਛਿਆ।

"ਮੇਰੀ ਭੈਣ,, ਹੋਰ ਕੌਣ।" ਜਿੰਮ ਨੇ ਕਿਹਾ।

"ਮੈਂ ਉਹਦੇ ਕੋਲੋਂ ਅਜਿਹਾ ਹੀ ਧਾਗਾ ਮੰਗਵਾਵਾਂਗਾ ਤੇ ਸਾਰੀ ਉਮਰ ਉਹਦੀ ਰੱਖਿਆ ਕਰਾਗਾ ਭਾਵੇਂ ਉਹ ਕਿਤੇ ਵੀ ਹੋਵੇ।" ਇਹ ਕਹਿੰਦਿਆਂ ਉਹਦਾ ਸਾਰਾ ਸਰੀਰ ਤਣ ਗਿਆ। ਅੱਖਾਂ ਵਿਚ ਇਕ ਅਜੀਬ ਜਿਹੀ ਚਮਕ ਪੈਦਾ ਹੋਈ ਤੇ ਚਿਹਰੇ ਉਤੇ ਮਰਦਊਪਣ। ਉਹ ਕਹਿੰਦਾ ਰਿਹਾ "ਮੈਂ ਉਹ ਨੂੰ ਸਭ ਕੁਝ ਲਿਖਾਂਗਾ। ਤਸਵੀਰਾਂ ਵੀ ਭੇਜਾਂਗਾ, ਰੁਪਈਏ ਵੀ।"

ਮੈਂ ਪੁਛਿਆ—"ਤੈਨੂੰ ਇਹ ਤਿਉਹਾਰ ਪਸੰਦ ਏ ?" ਮੈਂ ਉਹਦੇ ਮੂੰਹ ਵੱਲ ਤੱਕਣ ਲੱਗਾ ਜਿੱਥੇ ਦੁੱਖ ਦੇ ਡੂੰਘੇ ਪਰਛਾਵੇਂ ਸਾਫ਼ ਨਜ਼ਰ ਆ ਰਹੇ ਸਨ। ਜਿੰਮ ਨੇ ਚੀਕਦੇ ਹੋਏ ਕਿਹਾ—"ਪਸੰਦ ਏਸ ਤੋਂ ਚੰਗਾ ਹੋਰ ਕਿਹੜਾ ਤਿਉਹਾਰ ਏ ? ਇਕ ਭਰਾ ਦਾ ਭੈਣ ਨਾਲ ਵਾਇਦਾ ਭਾਵੇਂ ਭਰਾ ਕਿਤੇ ਹੋਵੇ, ਭੈਣ ਕਿਤੇ।"

ਉਹਨੇ ਸਿਰ ਨਿਵਾ ਲਿਆ।

ਮੇਰੀ ਲੜਕੀ ਨੇ ਜਿੰਮ ਨੂੰ ਕਿਹਾ—"ਲਿਆ ਜਿੰਮ ਮੈਂ ਤੈਨੂੰ ਰੱਖੜੀ ਬੰਨ੍ਹ ਦਿਆਂ ਮੈਂ ਵੀ ਤਾਂ ਤੇਰੀ ਭੈਣ ਆ। ਜਿੰਮ ਨੇ ਉਹਦੇ ਵੱਲ ਤੱਕਿਆ "ਠੀਕ ਏ ਠੀਕ ਏ-ਤੂੰ ਬੰਨ ਦਈਂ ਪਰ ਧਾਗਾਂ ਐਡਿਨਾ ਨੂੰ ਭੇਜਣਾ ਚਾਹੀਦਾ ਏ ਜਦ ਆਏਗਾ ਤੂੰ ਬੰਨ੍ਹ ਦਈਂ।"

ਮੈਂ ਹੁਣੇ ਈ ਲਿਖਾਂਗਾ।" ਇਹ ਕਹਿੰਦਾ ਕਹਿੰਦਾ ਉਹ ਅਮਰੀਕਾ ਦੀ ਭੈਣ, ਤੂੰ ਹਿੰਦੁਸਤਾਨ ਦੀ ਭੈਣ।" ਉਹ ਬਾਹਰ ਨਿਕਲ ਗਿਆ ਅਤੇ ਬਾਹਰੋਂ ਉਹ ਦੀ ਅਵਾਜ ਆਈ, "ਭੈਣ ਭਰਾ ਕਦੇ ਜੁਦਾ ਨਹੀਂ ਹੋ ਸਕਦੇ—ਭਾਵੇਂ ਕੁਝ ਵੀ ਹੋਵੇ।" ਇਸ ਤੋਂ ਕੁਝ ਚਿਰ ਪਿਛੋਂ ਮੈਂ ਸ਼ਾਮ ਨੂੰ ਇਕ ਦਿਨ ਘਰ ਆਇਆ ਤਾਂ ਘਰ ਬੜਾ ਰੌਲਾ-ਰੱਪਾ ਪਿਆ ਹੋਇਆ ਸੀ। ਠਾਕੁਰ ਨੇ ਮੈਨੂੰ ਦਸਿਆ ਕਿ ਜਿੰਮ ਸਾਹਿਬ ਨੇ ਜਵਾਨ ਭੰਗਣ ਨੂੰ ਛੇੜਿਆ ਹੈ। ਮੈਂ ਹੈਰਾਨੀ ਨਾਲ ਪੁਛਿਆ—"ਪਰ ਉਹ ਤਾਂ ਅਜਿਹਾ ਮੁੰਡਾ ਨਹੀਂ ਹੈ ਪਰ ਫੇਰ ਮੇਰੇ ਦਿਮਗ ਵਿਚ ਉਹ ਲੰਮੇ ਚੌੜੇ ਸਾਂਵਲੇ ਘੁੰਮ ਗਏ ਤੇ ਜਦ ਮਕਾਨ ਮਾਲਕਣ ਨੇ ਵੀ ਇਸ ਗੱਲ ਦੀ ਸ਼ਾਹਦੀ ਭਰੀ ਤਾਂ ਮੇਰਾ ਸ਼ੱਕ ਯਕੀਨ ਵਿਚ ਬਦਲ ਗਿਆ ਕਿ ਵੇਖੋ ਕੰਮਬਖਤ ਨੇ ਸਾਰੇ ਹਿੰਦੁਸਤਾਨ ਵਿਚ ਕਿੱਡਾ ਸੁੰਦਰ ਨਮੂਨਾ ਚੁਣਿਆ ਹੈ। ਆਖਰ ਹੈ ਤਾਂ ਸਾਉਣ ਦਾ ਅੰਨ੍ਹਾਂ ਈ।

ਜਦ ਕੁਝ ਚਿਰ ਪਿਛੋਂ ਜਿੰਮ ਨਾਲ ਮੁਲਾਕਾਤ ਹੋਈ ਤਾਂ ਉਹ ਰੋਣ ਹੱਕਾ ਹੋਇਆ, ਹੋਇਆ ਸੀ। ਉਹਨੂੰ ਸਾਰਿਆਂ ਉਤੇ ਗੁਸਾ ਸੀ। ਮੇਰੇ ਤੇ ਭਾਰਤ ਤੇ ਤਿਉਹਾਰਾਂ 'ਤੇ, ਪ੍ਰਾਚੀਨ ਸਭਿਅਤਾ 'ਤੇ ਅਤੇ ਖਾਸ ਕਰਕੇ ਉਸ ਭੰਗਣ ਦੀ ਛੋਕਰੀ ਅਤੇ ਮਾਲਕਣ ਉਤੇ।

ਮੈਂ ਜਦ ਉਹਦਾ ਦਿਲ ਫਰੋਲਿਆ ਤਾਂ ਮੈਨੂੰ ਬੜਾ ਹਾਸਾ ਆਇਆ। ਜਿੰਮ ਨੇ ਆਪਣੀ ਜੇਬ ਵਿਚੋਂ ਇਕ ਖਤ ਕਢਿਆ ਤੇ ਉਹਦੇ ਨਾਲ ਇਕ ਰੰਗ ਬਰੰਗਾ ਰੱਖੜੀ ਵਰਗਾ ਧਾਗਾ। ਐਡਿਨਾ ਦਾ ਖ਼ਤ ਬੜਾ ਪਿਆਰਾ ਸੀ ਜਿਸ ਵਿਚ ਉਸਨੇ ਹਿੰਦੁਸਤਾਨੀ ਤਿਉਹਾਰ ਦੀ ਬੜੀ ਤਾਰੀਫ ਕੀਤੀ ਸੀ ਤੇ ਲਿਖਿਆ ਸੀ ਕਿ ਉਸਨੂੰ ਜਿੰਮ ਦੇ ਭਰਾ ਹੋਣ ਉਤੇ ਬੜਾ ਗੌਰਵ ਹੈ ਅਤੇ ਮੰਮੀ ਨੂੰ ਉਸ ਦਾ ਪੁੱਤਰ ਹੋਣ ਤੇ। ਉਹਨਾਂ ਸਾਰਿਆਂ ਨੂੰ ਉਹਦੇ ਖਿਆਲਾਂ ਦੀ ਬੜੀ ਕਦਰ ਏ। ਤੇ ਐਡਿਨਾ ਨੇ ਅੱਗੇ ਲਿਖਿਆ ਸੀ ਕਿ ਉਹ ਆਪ ਤਾਂ ਹਿੰਦੁਸਤਾਨ ਨਹੀਂ ਆ ਸਕਦੀ ਉਹ ਆਪਣੀ ਹਿੰਦੁਸਤਾਨੀ ਭੈਣ ਕੋਲੋਂ ਉਸਦੀ ਅਮਰੀਕਨ ਭੈਣ ਦੀ ਭੇਜੀ ਹੋਈ ਰੱਖੜੀ ਬੰਨ੍ਹਵਾ ਲਵੇ। ਉਸਦੇ ਨਾਲ ਐਡਿਨਾ ਨੇ ਆਪਣੀ ਤਸਵੀਰ ਹਿੰਦੁਸਤਾਨੀ ਭੈਣ ਨੂੰ ਭੇਜੀ ਸੀ ਪਰ ਮੇਰੀ ਲੜਕੀ ਤਾਂ ਵਾਪਸ ਯੂਨੀਵਰਸਿਟੀ ਵਿਚ ਜਾ ਚੁੱਕੀ ਸੀ ਤੇ ਮੈਂ ਸਦਾ ਵਾਂਗ ਇਕੱਲਾ ਸਾਂ।

ਜਿੰਮ ਨੂੰ ਇਹ ਗੱਲ ਠਾਕੁਰ ਨੇ ਦੱਸੀ ਸੀ ਪਰ ਉਹ ਕਿਸੇ ਦੀ ਉਡੀਕ ਨਹੀਂ ਸੀ ਕਰਨਾ ਚਾਹੁੰਦਾ। ਐਡਿਨਾ ਦਾ ਭੇਜਿਆ ਹੋਇਆ ਧਾਗਾ ਬੜਾ ਈ ਪਵਿੱਤਰ ਸੀ ਤੇ ਉਹ ਚਾਹੁੰਦਾ ਸੀ ਜਿੰਨੀ ਛੇਤੀ ਵੀ ਹੋ ਸਕੇ ਉਹ ਆਪਣੇ ਹੱਥ ਉਤੇ ਬੰਨ੍ਹਵਾ ਲਵੇ। ਪਰ ਬਨ੍ਹਵਾਵੇ ਕੀਹਦੇ ਕੋਲੋਂ ? ਤਦ ਉਹਨੇ ਆਪਣੀ ਟੁਟੀ ਫੁਟੀ ਅੰਗਰੇਜ਼ੀ ਪੰਜਾਬੀ ਵਿਚ ਨੌਜਵਾਨ ਭੰਗਣ ਕੁੜੀ ਨੂੰ ਕੁਝ ਕਿਹਾ। ਜਦ ਉਹ ਨਾਂ ਸਮਝੀ ਤੇ ਉਸਨੂੰ ਦਸ ਦਾ ਨੋਟ ਦਿਖਾਇਆ ਤਾਂ ਨੋਟ ਵੇਖ ਕੇ ਉਹ ਚਿੜ ਗਈ। ਮਾਲਕਣ ਕੋਲ਼ ਸ਼ਕਾਇਤ ਕੀਤੀ ਤੇ ਰਾਈ ਦਾ ਪਹਾੜ ਬਣ ਗਿਆ।

ਦੂਜੇ ਦਿਨ ਮੈਂ ਮਾਲੀ ਦੀ ਦਸ ਬਾਰਾਂ ਸਾਲ ਦੀ ਭੈਣ ਕੋਲੋਂ ਰੱਖੜੀ ਬੰਨ੍ਹਵਾ ਕੇ ਜਿੰਮ ਦਾ ਗੁੱਸਾ ਠੰਡਾ ਕੀਤਾ। ਬਜ਼ਾਰੋਂ ਪੇੜੇ ਮੰਗਵਾਏ। ਇਕ ਜਿੰਮ ਨੇ ਖਾਧਾ ਤੇ ਬਾਕੀ ਪੇੜੇ ਤੇ ਦਸ ਰੁਪਈਏ ਉਸ ਬੱਚੀ ਨੂੰ ਦੇ ਦਿਤੇ।

ਇਸ ਤੋਂ ਅਗਲੇ ਹੀ ਦਿਨ ਜਦੋਂ ਮੈਂ ਮਾਲਕਣ ਨੂੰ ਸਾਰੀ ਗੱਲ ਦੱਸੀ ਤਾਂ ਉਹਨੇ ਭੰਗਣ ਦੀ ਕੁੜੀ ਨੂੰ ਕਿਹਾ—ਤੇ ਉਹ ਹੈਰਾਨ ਹੋ ਕੇ ਕਹਿਣ ਲਗੀ—"ਮੈਨੂੰ ਕੀ ਪਤਾ ਸੀ ਉਹ ਮੋਇਆ ਕੀ ਕਹਿੰਦਾ ਏ, ਮੈਂ ਤਾਂ ਉਹਦੇ ਇਸ਼ਾਰਿਆਂ ਕੋਲੋਂ ਡਰ ਗਈ ਸਾਂ।" ਤੇ ਫੇਰ ਕੁਝ ਸੋਚ ਕੇ ਕਹਿਣ ਲਗੀ—"ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਉਹਨੂੰ ਦਸ ਵਾਰੀ ਰਖੜੀ ਬੰਨ੍ਹ ਦਿੰਦੀ।"

ਤੇ ਜਦੋਂ ਮੈਂ ਜਿੰਮ ਨੂੰ ਇਹ ਗਲ ਦਸੀ ਤਾਂ ਉਹਨੇ ਤੜਾ ਹੋ ਕੇ ਕਿਹਾ—"ਡੈਮੱਡ; ਉਸ ਕੁੜੀ ਨਾਲ ਮੈਂ ਡੇਟ ਕਰਾਂਗਾ—ਪੂਅਰ ਸਾਉਲ।" ਤੇ ਫੇਰ ਉਹ ਸੰਜੀਦਾ ਹੋ ਗਿਆ "ਮੈਨੂੰ ਦਸੋ ਇਹ ਸਾਰੀਆਂ ਕੁੜੀਆਂ ਹਰ ਗਲ ਨੂੰ ਸੈਕਸ ਪਖੋਂ ਹੀ ਕਿਉਂ ਸੋਚਦੀਆਂ ਨੇ ? ਏਸ ਰਾਖੀ ਵਾਲੇ ਦੇਸ਼ ਵਿਚ ਵੀ—ਡੈਮੱਡ ਉਨੀ ਹੀ ਗੰਦਗੀ ਹੈ "ਹੁਣ ਤੁਸੀਂ ਦਸੋ ਮੈਂ ਉਹਨੂੰ ਕੀ ਸਮਝਾਉਂਦਾ ?" ਹੋਰ ਕੁਝ ਦਿਨਾਂ ਪਿਛੋਂ ਦੁਸਹਿਰੇ ਦਾ ਤਿਉਹਾਰ ਸੀ ਮੇਰਾ ਵਿਚਾਰ ਸੀ ਕਿ ਜਿੰਮ ਨੂੰ ਬਲਦਾ ਹੋਇਆ ਰਾਵਣ ਪਸੰਦ ਆਏਗਾ ਕੁਝ ਦਿਨ ਪਹਿਲੋਂ ਮੈਂ ਜਿੰਮ ਨੂੰ ਏਸ ਤਿਉਹਾਰ ਸਬੰਧੀ ਦਸਿਆ ਸੀ। ਰਮਾਇਣ ਦੀ ਕਥਾ ਸੁਣਾਈ, ਤੇ ਉਹ ਚੁਪ ਚਾਪ ਸੁਣਦਾ

ਰਿਹਾ ਇਹ ਪਹਿਲੀ ਵਾਰੀ ਸੀ ਕਿ ਜਿੰਮ ਨੇ ਵਿਚ ਟੋਕਿਆ ਨਹੀਂ। ਜਦ ਕਥਾ ਖ਼ਤਮ ਹੋਈ ਤਾਂ ਉਸਨੇ ਪੁਛਿਆ—"ਫੇਰ ਕੀ ਹੋਇਆ ?" ਫੇਰ ਕੀ ਹੋਣਾ ਸੀ "ਮੈਂ ਹੈਰਾਨੀ ਨਾਲ ਕਿਹਾ ਰਾਵਣ ਮਰ ਗਿਆ ?" ਜਿੰਮ ਨੇ ਕਿਹਾ ਉਹ ਭੈੜਾ ਸੀ ਨਾ ! ਮਰਨਾ ਚਾਹੀਦਾ ਸੀ। "ਹਾਂ, ਤੇ ਰਾਮ ਸੀਤਾ ਦੋਵੇਂ ਇਕੱਠੇ ਅਯੁਧਿਆ ਚਲੇ ਗਏ।"

"ਗੁਡ, ਵੈਰੀ ਗੁਡ।" ਜਿੰਮ ਨੇ ਹੌਲੀ ਜਿਹੀ ਕਿਹਾ—"ਆਮੀਨ।"

ਮੈਂ ਉਹਦੇ ਵਲ ਤਕਣ ਲਗ ਪਿਆ ਉਹਦੀਆਂ ਅੱਖਾਂ ਭਰੀਆਂ ਹੋਈਆਂ ਸਨ ਉਹਨੇ ਸਿਰ ਦੇ ਇਸ਼ਾਰੇ ਨਾਲ ਮੈਥੋਂ ਆਗਿਆ ਮੰਗੀ ਤੇ ਕਹਿਣ ਲਗਾ ਕਿ ਜੇ ਉਹਨੂੰ ਫੁਰਸਤ ਮਿਲੀ ਤਾਂ ਦੁਸਹਿਰਾ ਤੱਕਣ ਜ਼ਰੂਰ ਜਾਏਗਾ। ਪਰ ਦੁਸਹਿਰੇ ਵਾਲੇ ਦਿਨ ਮੈਨੂੰ ਜਿੰਮ ਮਿਲ ਨਾ ਸਕਿਆ।

ਠਾਕੁਰ ਕੋਲੋਂ ਪੁਛਿਆ ਕਿ ਜਿੰਮ ਸਾਹਿਬ ਅਜ ਕਲ ਕਿਤੇ ਨਹੀਂ ਲੱਭਾ ਚੁਪ ਚੁਪ ਕਿਉਂ ਹੈ ? ਉਸਨੇ ਕਿਹਾ ਕਿ ਗਲ ਤਾਂ ਮੈਨੂੰ ਵੀ ਨਹੀਂ ਪਤਾ ਪਰ ਅਜ ਕਲ ਜਿੰਮ ਸਾਹਿਬ ਬਾਹਰ ਗਏ ਹੋਏ ਨੇ। ਕਦੋਂ ਆਉਣ, ਪਤਾ ਨਹੀਂ। ਕੋਈ ਦਸ ਦਿਨ ਪਿਛੋਂ ਮੈਨੂੰ ਜਿੰਮ ਮਿਲਿਆ ਤਾਂ ਮੈਂ ਉਸ ਕੋਲੋਂ ਪੁਛਿਆ ਕਿ ਉਹ ਕਿਥੇ ਸੀ। ਦੁਸਹਿਰੇ ਵਾਲੇ ਦਿਨ ਮੈਂ ਉਹਦਾ ਇੰਤਜ਼ਾਰ ਕਰਦਾ ਰਿਹਾ।

ਅਜ ਉਹ ਬੜਾ ਖ਼ੁਸ਼ ਨਜ਼ਰ ਆ ਰਿਹਾ ਸੀ, "ਉਹ ! ਮੈਂ ਕੰਮ 'ਤੇ ਬਾਹਰ ਗਿਆ ਸਾਂ। ਬਹੁਤ ਦੂਰ—ਕਿਸੇ ਫਕੀਰ ਨੂੰ ਮਿਲਣਾ ਸੀ। "ਫਕੀਰ ਨੂੰ ਮਿਲਣਾ ਸੀ ?" ਮੇਰਾ ਮੱਥਾ ਠਣਕਿਆ ਇਹ ਅਮਰੀਕਨ ਮੁੰਡਾ ਪੀਰਾਂ-ਫਕੀਰਾਂ ਦੇ ਚਕਰ ਵਿਚ ਕਿਥੋਂ ਫਸ ਗਿਆ। ਮੈਂ ਪੁਛਿਆ—"ਕਿਹੜਾ ਫਕੀਰ ? ਕਿਥੇ ਗਿਆ ਸੈਂ ?

"ਹੁਣ ਸਭ ਠੀਕ ਹੋ ਜਾਏਗਾ।" ਜਿੰਮ ਨੇ ਆਪਣਾ ਕੋਟ ਉੱਚਾ ਕਰਕੇ ਗਲ ਵਿਚ ਪਏ ਤਵੀਤ ਵਲ ਇਸ਼ਾਰਾ ਕੀਤਾ। "ਵੇਖਿਆ" "ਇਹ ਕੀ ?" ਮੈਂ ਹੈਰਾਨੀ ਨਾਲ ਪੁਛਿਆ "ਤੁਸੀਂ ਹਿੰਦੁਸਤਾਨੀ ਹੋ। ਨਹੀਂ ਜਾਣਦੇ ਇਸ ਨਾਲ ਸਭ ਪ੍ਰਾਬਲਮ ਦੂਰ ਹੋ ਜਾਏਗੀ।"

ਹੁਣ ਉਹਦੀ ਹੈਰਾਨ ਹੋਣ ਦੀ ਵਾਰੀ ਸੀ "ਆਖਰ ਇਹ ਚੱਕਰ ਹੈ ਕੀ ਜਿੰਮ, ਤੂੰ ਕਿਥੇ ਗਿਆ ਸੀ ? ਤੇ ਪ੍ਰਾਬਲਮ ਕੀ ਹੈ ?" ਜਿੰਮ ਨੇ ਦਸਿਆ ਕਿ ਉਸ ਨੂੰ ਠਾਕੁਰ ਤੋਂ ਪਤਾ ਲਗਾ—"ਕਿ ਉਹਦੇ ਇਲਾਕੇ ਵਿਚ ਇਕ ਐਸਾ ਕਰਨੀ ਵਾਲਾ ਸਾਧੂ ਹੈ ਕਿ ਉਹਦੇ ਕੋਲ ਜੋ ਵੀ ਜਾਂਦਾ ਹੈ ਉਹਦੀ ਪ੍ਰਾਬਲਮ ਹਲ ਹੋ ਜਾਂਦੀ ਹੈ। ਸੋ ਮੈਂ ਵੀ ਇਕ ਹਫਤਾ ਬਾਹਰ ਸੀ। ਠਾਕਰ ਦੇ ਦੇਸ਼ ਵਿਚ—ਤੇ ਮੈਂ ਉਹਨੂੰ ਸੌ ਰੁਪਏ ਦਿਤੇ ਤੇ ਇਹ ਲੈ ਲਿਆ" ਜਿੰਮ ਪਿਆਰ ਨਾਲ ਆਪਣੇ ਤਵੀਤ ਨੂੰ ਥਪ-ਥਪਾਉਣ ਲਗ ਪਿਆ।

ਮੈਂ ਹੈਰਾਨੀ ਨਾਲ ਪੁਛਿਆ—"ਪਰ ਜਿੰਮ ਤੇਰੀ ਪ੍ਰਾਬਲਮ ਹੈ ਕੀ ?"

"ਪ੍ਰਾਬਲਮ !" ਜਿੰਮ ਕੁਝ ਦੇਰ ਚੁਪ ਰਿਹਾ "ਮੰਮੀ ਡੈਡੀ, ਦਾ ਤਲਾਕ ਹੋ ਗਿਆ ਸੀ। ਵਿਚ ਇਕ ਰਾਵਣ ਆ ਗਿਆ ਸੀ।"

ਐਡਿਨਾ ਮੰਮੀ ਨਾਲੋਂ ਦੋ ਸਾਲ ਦੀ ਅਲੱਗ ਰਹਿ ਰਹੀ ਏ। ਹੁਣ ਸਾਧੂ ਕਹਿੰਦਾ ਏ ਕਿ ਉਹ ਸਭ ਇਕਠੇ ਹੋ ਜਾਣਗੇ। ਪ੍ਰਾਬਲਮ ਹੱਲ ਹੋ ਜਾਏਗੀ। ਜਿਸ ਤਰ੍ਹਾਂ ਸੀਤਾ ਰਾਮ ਇਕਠੇ ਹੋ ਗਏ ਸਭ ਫੇਰ ਉਸਨੇ ਦੋਵੇਂ ਮੁਠੀਆਂ ਬੰਦ ਕਰਕੇ ਕਿਹਾ—"ਰਾਵਣ ਜਾਂ ਮਰ ਜਾਏਗਾ ਜਾਂ ਭਜ ਜਾਏਗਾ।

ਮੈਂ ਉਹਦੇ ਮੂੰਹ ਵਲ ਤਕਣ ਲਗ ਪਿਆ "ਪਰ ਰਮਾਇਣ ਤਾਂ ਮਿਥਿਹਾਸਕ ਕਥਾ ਏ ਜਿੰਮ, ਇਹਦਾ ਜੀਵਨ ਦੇ ਅਸਲੀ ਰੂਪ ਨਾਲ ਕੀ ਸਬੰਧ ?" "ਇੰਡੀਆ 'ਚ ਸਭ ਕੁਝ ਹੋ ਸਕਦੈ" ਜਿੰਮ ਦੇ ਲਹਿਜੇ ਵਿਚ ਪੂਰਨ ਵਿਸ਼ਵਾਸ਼ ਸੀ। ਉਹ ਕਹਿਣ ਲਗਾ—"ਮੈਂ ਸਭ ਜਾਣਦਾ ਹਾਂ। ਮੈਨੂੰ ਸਾਰਾ ਪਤਾ ਹੈ।" ਤੇ ਮੈਂ ਉਹਨੂੰ ਕਿਵੇਂ ਦਸਦਾ, ਕਿ ਉਹਨੂੰ ਕੁਝ ਪਤਾ ਨਹੀਂ ਤੇ ਉਹ ਕੁਝ ਨਹੀਂ ਜਾਣਦਾ।

ਫਰੀਦਕੋਟ (ਪੰਜਾਬ)

---


# ਖੇਤ-ਮਜ਼ਦੂਰਾਂ ਵਾਸਤੇ ਕਾਨੂੰਨੀ ਜਾਣਕਾਰੀ ਦੀ ਸੇਵਾ
# FARMWORKERS LEGAL INFORMATION

ਇਹ ਸੇਵਾ ਮੁਫ਼ਤ ਹੈ। ਇਸ ਸੇਵਾ ਨਾਲ ਕੁਝ ਵਕੀਲ ਵੀ ਸੰਬੰਧਤ ਹਨ, ਜਿੰਨ੍ਹਾਂ ਦੀ ਕਾਨੂੰਨੀ ਕਾਰਵਾਈ ਲਈ ਜਾਂ ਕਾਨੂੰਨੀ ਜਾਣਕਾਰੀ ਲਈ ਲੋੜ ਪੈਣ ਤੇ ਸਲਾਹ ਲਈ ਜਾ ਸਕਦੀ ਹੈ।

ਖੇਤ-ਮਜ਼ਦੂਰਾਂ ਵਾਸਤੇ ਕਾਨੂੰਨੀ ਜਾਣਕਾਰੀ ਦੀ ਸੇਵਾ ਲਈ ਜੌਨ (JOHN) ਵ ਨਾਸ਼ਤਰ (NASHTER) ਨੂੰ ਫ਼ੋਨ ਕਰੋ:

| | | | |
|---|---|---|---|
| ਵੈਨਕੂਵਰ : | ਐਤਵਾਰ, ਸੋਮਵਾਰ, ਮੰਗਲ | 9:30 ਵਜੇ ਸਵੇਰ – 5 ਵਜੇ ਸ਼ਾਮ | 879-0117 |
| ਐਬਸਫੋਰਡ : | ਸੋਮਵਾਰ, ਵੀਰਵਾਰ | 10:30 ਵਜੇ ਸਵੇਰ – 5 ਵਜੇ ਸ਼ਾਮ | 859-7681 |

('ਲੇਬਰ ਐਡਵੋਕੇਸੀ ਐਂਡ ਰੀਸਰਚ ਐਸੋਸੀਏਸ਼ਨ' ਦੀ ਜ਼ਿੰਮੇਵਾਰੀ ਅਧੀਨ)

# ਹਵਾ ਵਿੱਚ ਤਰਦੀਆਂ ਗੱਲਾਂ

**ਮਿਸ ਹਰਜੀਤ ਆਵਲਾ**

ਅੱਜ ਮਿਲਾਂ ਵਿਚ ਫਟੇ ਖਿਚਦਿਆਂ ਹੋਇਆਂ ਭਾਈਆ ਉੱਚੀ ਉੱਚੀ ਕਹਿ ਰਿਹਾ ਸੀ, "ਯਾਰੋ ਦੇਸ਼ ਵਿੱਚ ਤਾਂ ਅਸੀਂ ਐਸ਼ਾਂ ਲੁਟਦੇ ਸੀ। ਪੰਜ ਪੰਜ ਨੌਕਰ ਆਪਣੇ ਖੇਤ, ਆਪਣੀਆਂ ਦੁਕਾਨਾਂ ਸਨ ਤੇ ਜਦੋਂ ਦੇ ਇਸ ਭੈੜੇ ਪ੍ਰਦੇਸ਼ ਵਿਚ ਆਏ ਹਾਂ ਬਸ ਸਵੇਰੇ ਤੋਂ ਲੈ ਕੇ ਤਕਾਲਾਂ ਤਕ ਮਿਲਾਂ ਦੇ ਫਟੇ ਹੀ ਖਿਚਦੇ ਰਹੀਦਾ। ਇਹ ਸਾਲੇ ਚਿਟੀ ਚਮੜੀ ਵਾਲੇ ਤਾਂ ਪੁਤ ਪਤਾ ਨਹੀਂ ਲੋਹੇ ਦੇ ਹੀ ਬਣੇ ਹੋਏ ਵਾ। ਬਸ ਪਸ਼ੂਆਂ ਵਾਂਗਰ ਕੰਮ ਲੈਂਦੇ ਆ।" "ਭਾਈਆ! ਕੰਮ ਕਰਕੇ ਡਾਲੇ ਵੀ ਤਾਂ ਪ੍ਰਦੇਸ ਵਿਚ ਹੀ ਬਣਦੇ ਆ।" "ਹਾਂ ਪੁਤ ਇੰਨ੍ਹਾਂ ਡਾਲਿਆ ਪਿਛੇ ਹੀ ਤਾਂ ਪ੍ਰਦੇਸ਼ ਵਿਚ ਆਏ ਹਾਂ ਨਹੀਂ ਐਸ਼ਾਂ ਤਾਂ ਦੇਸ਼ ਵਿਚ ਬਹੁਤ ਮਣੀਂਦੀਆਂ ਸਨ। ਪਰ ਵਿਚੋਂ ਹੀ ਇਕ ਜਵਾਨ ਬੋਲਿਆ, "ਲੈ ਭਾਈਆ ਇਥੇ ਤਾਂ ਦੇਸ਼ ਨਾਲੋਂ ਵੱਧ ਕੇ ਐਸ਼ਾਂ ਲੁਟੀ ਦੀਆਂ ਬਰੈਂਡ ਨਿਊ ਕਾਰਾਂ ਸ਼ਰਾਬ, ਵਿਸਕੀ ਪੀਣੇ ਨੂੰ, ਗੋਰੇ ਰੰਗ ਦੀਆਂ ਮੇਮਾਂ ਨਿੱਤ ਨਵੀ, ਮੀਟ ਗਾਂ ਦਾ ਸਿਗਰਟਾਂ, ਕਲੱਬ, ਤੇ ਪਿਕਚਰਾਂ। ਇਹ ਫਰੀ ਕੰਟਰੀ ਆ ਫਰੀ ਭਾਈਆ ਇਥੋਂ ਜਿਹੀਆਂ ਐਸ਼ਾਂ ਤਾਂ ਕਿਧਰੇ ਨਹੀਂ ਮਿਲਣੀਆਂ।" ਭਾਈਏ ਨੇ ਨਿਰਾਸ਼ ਹੋ ਕੇ ਕਿਹਾ, "ਅੱਛਾ ਜਵਾਨਾਂ ਤਾਂ ਤੁਸੀਂ ਲੋਕ ਇਸੇ ਕਰਕੇ ਪ੍ਰਦੇਸ ਨੂੰ ਆਏ ਹੋ, ਨਾ ਕੇ ਦੇਸ਼ ਦਾ ਨਾਂ ਉੱਚਾ ਕਰਨ ਲਈ। ਇਹ ਜੋ ਸਾਰੇ ਭੈੜੇ ਐਬ ਹਨ ਕੀ ਤੁਸਾਂ ਨੂੰ ਹੀ ਲਗਣੇ ਸਨ ਇਥੇ ਆਕੇ। "ਨਹੀਂ ਭਾਈਆ, ਇਹੀ ਤਾਂ ਜ਼ਿੰਦਗੀ ਹੈ। ਤੂੰ ਓਲਡ (ਬੁੱਢਾ) ਜੁ ਹੋਇਆ ਤੇਰੇ ਖਿਆਲ ਵੀ ਤਾਂ New Generation (ਨਵੀਂ ਔਲਾਦ) ਨਾਲੋਂ ਵਖਰੇ ਹੀ ਹੋਣੇ ਆ।"

ਬਸ ਇਤਨੇ ਨੂੰ ਹੀ Lunch-Time (ਲੰਚ ਵੇਲਾ) ਦੀ ਘੰਟੀ ਵਜੀ ਤੇ ਸਾਰੇ ਆਪਣੇ ਆਪਣੇ Lunch Box (ਰੋਟੀ ਵਾਲੇ ਡਬੇ) ਲੈ ਆਏ। Lunch (ਰੋਟੀ) ਖਾਂਦਿਆਂ ਭਾਈਏ ਨੇ ਫਿਰ ਦੇਸ਼ ਪ੍ਰਦੇਸ਼ ਬਾਰੇ ਗੱਲਾਂ ਸ਼ੁਰੂ ਕਰਦਿਆਂ ਕਿਹਾ, "ਇਥੇ ਤਾ ਵਿਚਾਰੀਆਂ ਬੀਬੀਆਂ ਨੂੰ ਵੀ ਬਾਹਰ ਕੰਮ ਕਰਨਾ ਪੈਂਦਾ। ਵਿਚਾਰੀਆਂ ਕਿੰਨੀ ਸੁਖ ਆਰਾਮ ਨਾਲ ਰਹਿੰਦੀਆਂ ਸਨ ਦੇਸ਼ ਵਿਚ, ਚਾਰ ਰੋਟੀਆਂ ਲਾਹ ਦਿਤੀਆਂ ਤੇ ਕੰਮ ਖ਼ਤਮ। ਪਰ ਇਥੇ ਤਾਂ ਕੁੜੀ, ਮੁੰਡਾ, ਜਵਾਨ, ਬੁੱਢਾ ਕੋਈ ਵੀ ਕਿਉਂ ਨਾ ਹੋਵੇ। ਤੜਕੇ ਤੋਂ ਲੈ ਕੇ ਤਕਾਲਾਂ ਤਕ ਕੰਮ ਕਰਨਾ ਪੈਂਦਾ।" ਉਹੀ ਜਵਾਨ ਫਿਰ ਉੱਚੀ ਆਵਾਜ਼ ਵਿਚ ਬੋਲਿਆ, "ਭਾਈਆ ਤੂੰ ਕਹਿਨਾ ਅਖੇ ਇਥੇ ਬੀਬੀਆਂ ਨੂੰ ਕੰਮ ਕਰਨਾ ਪੈਂਦਾ। ਮੇਮਾਂ ਵੀ ਤਾਂ ਫਿਰ ਉਹੋ ਹੀ ਬਣੀਆਂ ਹੋਈਆਂ ਵਾ ਨਵੇਂ ਫ਼ੈਸ਼ਨੇਬਲ ਕਪੜੇ, ਤੇ ਰੰਗ ਬਰੰਗੀਆਂ ਕਾਰਾਂ ਬਸਾਂ ਮੌਜਾਂ ਹੀ ਮਾਣਦੀਆਂ ਨੇ ਪ੍ਰਦੇਸ ਵਿਚ।" "ਪਰ ਫੇਰ ਵੀ ਜਵਾਨਾਂ ਦੇਸ ਜਿਹਾ ਸੁਖ ਅਰਾਮ ਪ੍ਰਦੇਸ ਵਿਚ ਥੋੜਾ ਮਿਲਦਾ ਕਿਤੇ। ਮੈਂ ਤਾਂ ਤੁਹਾਨੂੰ ਇਹੀ ਕਹੂੰਗਾ ਕਿ ਸਾਨੂੰ ਸਾਰਿਆਂ ਨੂੰ ਆਪਣਾ ਪਿੱਛਾ ਬਣਾਉਣਾ ਚਾਹੀਦਾ ਕਿਉਂ ਕਿ ਇਨ੍ਹਾਂ ਚਿਟੀ ਚਮੜੀ ਵਾਲਿਆਂ ਦਾ ਕੀ ਪਤਾ ਕਦੋਂ ਪ੍ਰਦੇਸ ਵਿਚੋਂ ਕੰਨੋਂ ਫੜ ਕੇ ਕੱਢ ਦੇਣ ਜਿੱਦਾਂ ਕਿ ਅਜ ਕਲ ਇੰਗਲੈਂਡ ਵਿਚ ਹੋ ਹੀ ਰਹੀ ਹੈ ਜਾਂ ਯੁਗੰਡਾ ਵਿਚ ਹੋਈ ਸੀ। ਸਾਰਿਆਂ ਭਾਰਤੀਆਂ ਨੂੰ ਕਾਲਿਆਂ ਨੇ ਆਪਣੇ ਦੇਸ਼ ਵਿਚੋਂ ਕੱਢ ਹੀ ਦਿਤਾ ਸੀ ਤੇ ਫਿਰ ਕਈਆਂ ਵਿਚਾਰਿਆਂ ਨੂੰ ਤਾਂ ਦੇਸ਼ ਨੇ ਹੀ ਝਲਿਆ। ਇਸੇ ਕਰਕੇ ਹੀ ਮੈਂ ਕਹਿੰਦਾ ਵਾਂ ਜਿੰਨੇ ਵੀ ਡਾਲੇ ਬਚਾ ਕੇ ਦੇਸ਼ ਨੂੰ ਘੱਲਿਆ ਕਰੋ। ਇਕ ਤਾਂ ਦੇਸ਼ ਦੀ ਤੇ ਇਥੋਂ ਦੀ ਕਰੰਸੀ ਦਾ ਬਹੁਤ ਫ਼ਰਕ ਹੈ। ਥੋੜੇ ਡਾਲਿਆਂ ਦੇ ਹੀ ਬਹੁਤੇ ਰੁਪਈਏ ਬਣ ਜਾਂਦੇ ਆ।" ਇਤਨੇ ਨੂੰ ਘੰਟੀ ਵਜੀ ਤੇ ਕੰਮ ਸ਼ੁਰੂ ਹੋ ਗਿਆ। ਪਰ ਫਿਰ ਘੰਟੇ ਕੁ ਮਗਰੋਂ ਪੰਦਰਾਂ ਮਿੰਟਾਂ ਲਈ ਕੋਫ਼ੀ ਬਰੇਕ ਹੋਈ ਤੇ ਭਾਈਏ ਨੇ ਫੇਰ ਗੱਲ ਕਰਦਿਆਂ ਕਿਹਾ, "ਲੈ ਮੈਂ ਕਲ ਦੀ ਗਲ ਸੁਣਾਉਂਦਾ ਤੁਹਾਨੂੰ। ਮੈਂ ਸੜਕ ਤੇ ਤੁਰਿਆ ਜਾਂਵਾਂ ਤੇ ਰਸਤੇ ਵਿਚ ਸਕੂਲ ਦੇ ਵਿਦਿਆਰਥੀਆਂ ਦਾ ਗਰੁਪ ਮਿਲਿਆ ਤੇ ਮੇਰੀ ਚਿੱਟੀ ਪੱਗ ਵੱਲ ਦੇਖ ਕੇ ਮੈਨੂੰ ਘੇਰ ਲਿਆ ਤੇ ਬਸ ਲਗ ਪਏ ਮੇਰਾ ਮਖ਼ੌਲ ਉਡਾਉਣ ਅਖੇ "ਯੂ ਪੰਜਾਬ, ਯੂ ਹਿੰਦੂ, ਵਾਏ ਯੂ ਕੰਮ ਇਨ ਆਵਰ ਕੰਟਰੀ, ਗੋ ਬੈਕ ਹੋਧ (ਤੁਸੀਂ 'ਪੰਜਾਬ'–'ਹਿੰਦੂ' ਸਾਡੇ ਮੁਲਕ ਵਿਚ ਕਿਉਂ ਆਏ ਹੋ, ਆਪਣੇ ਦੇਸ਼ ਵਾਪਿਸ ਜਾਵੋ" ।) ਜਦੋਂ ਜਵਾਨ ਨੇ ਭਾਈਏ ਦੀ ਇਹ ਗੱਲ ਸੁਣੀ ਤਾਂ ਚੁਪ ਕਰ ਕੇ ਬਹਿ ਗਿਆ। ਪਰ ਵਿਚੋਂ ਹੀ ਬਾਕੀ ਦਿਆਂ ਵੀ ਕਹਿਣਾ ਸ਼ੁਰੂ ਕਰ ਦਿਤਾ, "ਹਾਂ, ਆਹੋ ਭਾਈਆ ਹਾਅ ਤਾਂ ਤੇਰੀ ਗਲ ਠੀਕ ਆ। ਏਂਦਾ ਤਾਂ ਸਾਨੂੰ ਵੀ ਇਹ ਸਾਲੇ ਚਿੱਟੀ ਚਮੜੀ ਵਾਲੇ ਬਥੇਰੀਆਂ ਗਾਲਾਂ ਕਢਦੇ ਰਹਿੰਦੇ ਆ। ਪਰ ਭਾਈਆ ਇਸ ਵਿਚ ਸਾਡਾ ਵੀ ਤਾਂ ਕਸੂਰ ਹੈ ਕਿ ਅਸੀਂ ਦੇਸ਼ ਤੋਂ ਚੌਦਾਂ ਹਜ਼ਾਰ ਮੀਲ ਦੂਰ ਪ੍ਰਦੇਸ ਵਿਚ ਆ ਕੇ ਵੀ ਆਪਸੀ-ਫੁਟ ਨਹੀਂ ਨਾ ਛਡਦੇ। ਗੁਰਦੁਆਰਿਆਂ, ਸਿਲਮਾ ਘਰਾਂ, ਤੇ ਹੋਟਲਾਂ ਵਿਚ ਮਤਲਬ ਕਿ ਜਿਥੇ ਕਿਤੇ ਵੀ ਲੜਾਈਆਂ ਝਗੜੇ ਹੀ ਕਰਦੇ ਹਾਂ। ਇਸੇ ਕਰਕੇ ਤਾਂ ਸਾਨੂੰ ਚਿੱਟੀ ਚਮੜੀ ਵਾਲੇ ਨਫ਼ਰਤ ਭਰੀ ਨਜ਼ਰ ਨਾਲ ਦੇਖਦੇ ਆ।" ਭਾਈਆ ਜਵਾਬ ਦਿੰਦਾ ਹੋਇਆ ਬੋਲਿਆ, "ਤਾਹੀਓਂ ਤਾਂ ਮੈਂ ਤੁਹਾਨੂੰ ਕਹਿੰਦਾ ਆ ਕਿ ਆਪਣੇ ਦੇਸ਼ ਦਾ ਤੇ ਆਪਣੀ ਕੌਮ ਦਾ ਪ੍ਰਦੇਸ਼ ਵਿਚ ਨਾਮ ਉਚਾ ਕਰਨ ਲਈ ਸਾਨੂੰ ਆਪਣੀ ਸਭਿਅਤਾ ਤੇ ਏਕਤਾ ਦੀ ਬਹੁਤ ਲੋੜ ਹੈ ਤਾਂ ਕਿ ਅਸੀਂ ਪ੍ਰਦੇਸ ਵਿਚ ਰਹਿਕੇ ਬਾਕੀ ਕੌਮਾਂ ਵਾਂਗ ਸਿਰ ਉੱਚਾ ਕਰਕੇ ਚਲ ਸਕੀਏ।"

ਸਾਰੇ ਗੱਲਾਂ ਕਰ ਹੀ ਰਹੇ ਸਨ ਕਿ ਫਿਰ ਘੰਟੀ ਵਜ ਗਈ ਤੇ ਸਾਰੇ ਕੰਮ ਕਰਨ ਵਿਚ ਜੁਟ ਗਏ। ਪਰ ਭਾਈਆ ਹੋਲੀ ਹੋਲੀ ਗੋਡਿਆਂ ਤੇ ਹਥ ਤਰ ਕੇ ਉਠਦਾ ਹੋਇਆ ਬੋਲਿਆ, "ਇਹ ਕਿਦਾਂ ਦੇ ਬੰਦੇ ਆ, ਸਾਨੂੰ ਅੱਜ ਗੱਲਾਂ ਕਰਨ ਦਾ ਟੈਮ ਮਿਲਿਆ ਪਰ ਇਸ ਘੰਟੀ ਨੇ ਘੜੀ ਮੁੜੀ ਸਾਨੂੰ ਤੰਗ ਕਰ ਲਿਆ। ਅੱਜ ਤਾਂ ਪਤਾ ਨਹੀਂ ਅਠ ਆਵਰ ਹੀ ਪੂਰੇ ਨਹੀਂ ਹੁੰਦੇ।" ਪਰ ਬਾਕੀ ਸਾਰਿਆਂ ਨੇ ਭਾਈਏ ਨੂੰ ਹੌਂਸਲਾ ਦਿੰਦਿਆਂ ਹੋਇਆਂ ਕਿਹਾ, "ਬਸ ਹੁਣ ਤਾਂ ਟੂ-ਆਵਰ ਹੀ ਬਾਕੀ ਆ।"

ਦੋ ਘੰਟਿਆਂ ਬਾਅਦ ਛੁਟੀ ਹੋਈ ਤਾਂ ਭਾਈਏ ਦੀਆਂ ਦੇਸ ਪ੍ਰਦੇਸ ਦੀਆਂ ਗੱਲਾਂ ਫਿਰ ਹਵਾ ਵਿਚ ਤਰ ਰਹੀਆਂ ਸਨ ਜੋ ਪਤਾ ਨਹੀਂ, ਹਾਲੇ ਕਿੰਨੀ ਦੇਰ ਹਵਾ ਵਿਚ ਤਰਦੀਆਂ ਰਹਿਣਗੀਆਂ।

# LOYAL FURNITURE LTD.

## 2707 Main St. Vancouver, B.C.
## Phone 879-8319



ਇਹ ਸੈਟ 6 ਵੱਖ ਵੱਖ ਰੰਗਾਂ ਚ, ਮਿਲ ਸਕਦਾ ਹੈ।
ਕੀਮਤ ਕੇਵਲ ੨੫੧ ਡਾਲਰ.
੨ ਪੀਸ ਸਿੰਗਲ ਬੈਡ – ੪੧ ਡਾਲਰ
੨ ਪੀਸ ਡਬਲ ਬੈਡ —109 ਡਾਲਰ.



੩ ਪੀਸ ਬੈਡ ਰੂਮ ਸਵੀਟ ਸਣੇ ਕੁਈਨ ਸਾਈਜ਼ ਬੈਡ ਸਿਰਫ – ੨੧੧ ਡਾਲਰ

ਆਪਣੇ ਭਰਾਵਾਂ ਦੇ ਇਸ ਫਰਨੀਚਰ ਸਟੋਰ ਤੇ ਹਰ ਆਈਟਮ ਵਾਜਬ ਕੀਮਤ ਤੇ ਮਿਲਦੀ ਹੈ। ਆਓ ਤੇ ਇਸ ਮਹੀਨੇ ਚਲ ਰਹੀ ਪ੍ਰੀ: ਕਰਿਸਮਿਸ ਸੇਲ ਦਾ ਫਾਇਦਾ ਉਠਾਓ। ਸਟੋਰ ਹਰ ਰੋਜ਼ ਖੁਲ੍ਹਾ ਹੁੰਦਾ ਹੈ।

---

ਡੈਲਟਾ ਵਿੱਚ ਗਰੋਸਰੀ ਦੀ ਭਾਰੀ ਦੁਕਾਨ

# ਪੰਜਾਬ ਫੂਡ ਸਟੋਰ

੧੪੩੫ ਸਕਾਟ ਰੋਡ, ਡੈਲਟਾ

ਜਿਥੇ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਕੈਨੇਡੀਅਨ ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

ਹੋਰ ਜਾਣਕਾਰੀ ਲਈ
ਦੁਕਾਨ ਵਿਚ ਜਾਂ ਫੋਨ ਕਰੋ!

ਫੋਨ: 588-4911

# Season's Greetings from

## *John Ross Insurance Service Ltd.*

1829 WEST BROADWAY, VANCOUVER, B.C. V6J 1Y5 TELEPHONE 731-5258

**Invites you to compare these home-owners' rates to what you are now paying**

| FOR ONLY $101 | FOR ONLY $138 | FOR ONLY $182 |
|---|---|---|
| $50,000 Home Owners | $75,000 Home Owners | $100,000 Home Owners |

**NOT ONLY THIS BUT FOR COMMERCIAL BUSINESS, ALSO WITH A-ONE SERVICE**

*FOR COMPLETE INSURANCE — GENERAL & LIFE* Autoplan

---

# Season's Greetings from

# STAN'S TRUCKING




**When you think of**

- **Economy**
- **Reliability**
- **Service**




***But most of all***

# RATES

"On call 24 hours"

"7 Days a week"

*Call:*

STAN'S TRUCKING
For Local or Long Distance Moving
253-1092

"NO EXTRA COST FOR WEEKEND MOVING"

## ਅਮਰੀਕਾ ਦਾ ਲੋਕ-ਮੇਲਾ

**—ਡਾ: ਹਰਚਰਨ ਸਿੰਘ**

ਚਾਰ ਜੁਲਾਈ ਨੂੰ ਅਮਰੀਕਾ ਦਾ ੨੦੧ ਵਾਂ ਅਜ਼ਾਦੀ ਦਿਵਸ ਸੀ ਜੋ ਮੁਲਕ ਦੇ ਹਰ ਨਗਰ, ਹਰ ਸ਼ਹਿਰ ਵਿਚ ਵਖੋ ਵਖ ਰੰਗ ਢੰਗ ਨਾਲ ਮਨਾਇਆ ਗਿਆ। ਨਾਰਥ ਕੈਰੋਲੀਨਾ ਦੇ ਸ਼ਹਿਰ ਡਰਹਮ ਦੇ ਲੋਕ-ਮੇਲੇ ਵਿਚ ਸ਼ਾਮਲ ਹੋਣ ਦਾ ਮੈਨੂੰ ਵੀ ਮੌਕਾ ਮਿਲਿਆ। ਵੀਹ-ਪੰਝੀ ਹਜ਼ਾਰ ਕਾਲੇ ਗੋਰੇ ਇਸਤ੍ਰੀ ਮਰਦਾਂ ਦੇ ਇਸ ਮੇਲੇ ਵਿਚ ਕੇਵਲ ਮੈਂ ਹੀ ਇਕੱਲਾ ਪਗੜੀ ਵਾਲਾ ਸਿਖ ਸਾਂ। ਇਸੇ ਕਰਕੇ ਦਰਸ਼ਕਾਂ ਦੇ ਧਿਆਨ ਦਾ ਮੁਖਪਾਤਰ ਬਣਿਆ ਸਾਂ। ਲੋਕੀਂ ਸਿਖ ਹੋਣ ਕਰਕੇ ਸਲਾਮਾਂ ਨਹੀਂ ਸਨ ਕਰਦੇ, ਸਗੋਂ ਅਰਬ ਦੇਸ ਦਾ ਆਇਲ-ਕਿੰਗ ਸਮਝ ਕੇ। ਟੈਲੀਵਿਜ਼ਨ ਵਾਲਿਆਂ ਵੀ ਸ਼ਾਇਦ ਇਸੇ ਭੁਲੇਖੇ ਭਾਲ ਕੀਤੀ।

ਲੌਂਗ ਵੀਕ ਐਂਡ ਕਾਰਣ ਲੋਕੀ ਵਧੇਰੇ ਹੀ ਖ਼ੁਸ਼ੀ ਦੇ ਲੌਰ ਵਿਚ ਸਨ। ਪੰਜਾਬੀ ਅਖਾਣ—ਦਬ ਕੇ ਵਾਹ ਤੇ ਰਜ ਕੇ ਖਾਹ—ਉਤੇ ਇਹ ਲੋਕ ਪੂਰੀ ਤਰ੍ਹਾਂ ਅਮਲ ਕਰਦੇ ਹਨ। ਪੰਜ ਦਿਨ ਹਡ ਭੰਨ ਕੇ ਕੰਮ ਕਰਦੇ ਹਨ, ਸਨਿਚੱਰ ਐਤਵਾਰ ਰਜ ਕੇ ਮੌਜਾਂ ਮਾਣਦੇ ਹਨ।

ਮੇਲੇ ਦੀ ਸਮੁਚੀ ਨੁਹਾਰ ਸਾਡੇ ਆਧੁਨਿਕ ਮੇਲੇ ਨਾਲ ਕੁਝ ਗੱਲਾਂ ਵਿਚ ਮਿਲਦੀ ਸੀ। ਪਰ ਮੇਲੇ ਦੀ ਵਿਉਂਤ ਤੇ ਪ੍ਰਬੰਧ ਇਨ੍ਹਾਂ ਦੇ ਬਾਕੀ ਜੀਵਨ ਵਾਂਗ ਬਹੁਤ ਵਧੀਆ ਸੀ। ਕਈ ਥਾਵਾਂ ਤੇ ਪੁਛ ਗਿਛ ਦੇ ਆਰਜ਼ੀ ਦਫ਼ਤਰ ਸਨ। ਪ੍ਰੋਗਰਾਮ ਦੇ ਇਸ਼ਤਿਹਾਰ ਅਗਾਊਂ ਛਪੇ ਹੋਏ ਸਨ ਜਿਸ ਵਿਚ ਸਵੇਰ ਦੇ ੧੦ ਵਜੇ ਤੋਂ ਸ਼ਾਮ ਦੇ ੭ ਵਜੇ ਤਕ ਮਿੰਟ ਮਿੰਟ ਦਾ ਪ੍ਰੋਗਰਾਮ ਦਿੱਤਾ ਹੋਇਆ ਸੀ। ਮੇਲੇ ਤੋਂ ਤਿੰਨ ਚਾਰ ਮੀਲ ਦੂਰ ਕਾਰਾਂ ਪਾਰਕ ਕਰਨ ਦਾ ਪ੍ਰਬੰਧ ਸੀ। ਉਥੋਂ ਬੱਸਾਂ ਰਾਹੀਂ ਲੋਕਾਂ ਨੂੰ ਮੇਲੇ ਤਕ ਪੁਚਾਣ ਦਾ ਸੁਯੋਗ ਇੰਤਜ਼ਾਮ ਸੀ।

ਇਕ ਵਜੇ ਦੇ ਕਰੀਬ ਡਾ: ਸ਼ਬੇਗ ਸੰਧੂ, ਸੁਰਿੰਦਰ ਸੰਧੂ, ਉਹਨਾਂ ਦੇ ਬੱਚੇ (ਅਮਨ, ਨਵੀ ਤੇ ਰਿੰਪਲ), ਡਾ: ਅਮਰ ਜੀਤ, ਦਲਜੀਤ, ਲਾਟਾ, ਸਨਦੀਪ ਤੇ ਮੈਂ ਵੀ ਕਾਰ ਵਿਚ ਬੈਠ ਕੇ ਮੇਲੇ ਵਿਚ ਪੁੱਜੇ। ਹਰ ਪ੍ਰਵਾਰ ਆਪੋ ਆਪਣਾ ਖਾਣਾ ਤੇ ਬੈਠਣ ਦਾ ਸਾਮਾਨ ਲੈ ਕੇ ਪਹੁੰਚਿਆ ਹੋਇਆ ਸੀ। ਸਭ ਦ੍ਰਖਤ ਤੇ ਚੰਗੀਆਂ ਥਾਵਾਂ ਤੇ ਬੈਂਚ ਮੱਲੇ ਹੋਏ ਸਨ। ਕਈ ਤਾਂ ਅੱਧਾ ਘਰ ਆਪਣੇ ਨਾਲ ਚੁਕ ਕੇ ਲਿਆਏ ਹੋਏ ਸਨ। ਅਸੀਂ ਵੀ ਆਖਰ ਦਰਿਆ ਦੇ ਕੰਢੇ ਪੰਜਾਬੀ ਝੰਡਾ ਗਡ ਦਿੱਤਾ।

ਈਨੋ ਦਰਿਆ ਕੰਢੇ ਵਿਸ਼ਾਲ ਜੰਗਲੀ ਵਾਤਾਵਰਣ ਵਿਚ ਇਹ ਮੇਲਾ ਪ੍ਰਬੰਧਿਤ ਸੀ। ਕਹਿਣ ਨੂੰ ਹੀ ਇਹ ਦਰਿਆ ਹੈ, ਉਂਝ ਸਾਡੇ ਬੁੱਢੇ ਦਰਿਆ (ਲੁਧਿਆਣੇ) ਨਾਲੋਂ ਵੀ ਲਿੱਸਾ ਹੈ। ਨਿੱਕੇ ਨਿੱਕੇ ਬੱਚੇ, ਨੱਢੇ ਮੁਟਿਆਰਾਂ ਗੋਡੇ ਗੋਡੇ ਪਾਣੀ ਵਿਚ ਖੂਬ ਕਲੋਲਾਂ ਕਰਦੇ ਸਨ।

ਇਕ ਵਲਵੀਂ ਥਾਂ ਤੇ ਬਹੁਤ ਵੱਡਾ ਮੁਖ ਪੰਡਾਲ ਉਸਾਰਿਆ ਹੋਇਆ ਸੀ, ਜਿਥੇ ਦਸ ਹਜ਼ਾਰ ਤਕ ਲੋਕੀ ਬੈਠ ਕੇ ਗਾਣੇ ਤੇ ਲੋਕ-ਨਾਚ ਦੇਖ ਸਕਦੇ ਸਨ। ਇਥੋਂ ਦਾ ਅੰਤਮ ਆਈਟਮ ਸਾਨੂੰ ਬਹੁਤ ਪਸੰਦ ਆਇਆ। ਇਹ ਲੋਕ-ਨਾਚ ਸਾਡੇ ਭੰਗੜੇ ਨਾਲ ਮਿਲਦਾ ਸੀ। ਇਸ ਦਾ ਨਾਂ ਬੜਾ ਦਿਲਚਸਪ ਸੀ—'ਸਾਥੀ ਨੂੰ ਹੁਲਾਰਾ'। ੬ ਨੱਢੇ ਤੇ ੬ ਮੁਟਿਆਰਾਂ ਨੇ ਪੰਦਰਾਂ ਵੀਹ ਮਿੰਟ ਲੋਕਾਂ ਦੇ ਦਿਲ ਖੂਬ ਧੜਕਾਏ। ਲੋਕੀਂ ਤਾਲ ਨਾਲ ਝੂਮਦੇ ਅਤੇ ਨਿਝਕ ਤਾਲੀਆਂ ਵਜਾਂਦੇ ਸਨ। ਕੁੜੀਆਂ ਸਾਥੀਆਂ ਦੀਆਂ ਬਾਹਾਂ ਵਿਚ ਬਾਹਾਂ ਪਾਈ ਮਸਤੀ ਨਾਲ ਨਚਦੀਆਂ ਅਤੇ ਰੰਗੀਨ ਘਘਰੀਆਂ ਉਲਾਰਦੀਆਂ ਸਨ।

ਸੰਗੀਤ ਤੇ ਨਾਚ ਕਲਾ ਵਿਚ ਅਮਰੀਕਾ ਦੇ ਕਾਲੇ ਲੋਕ ਬਹੁਤ ਅੱਗੇ ਹਨ। ਕਈ ਥਾਵਾਂ ਤੇ ਸ਼ੌਕੀਆਂ ਗਵੱਈਆਂ ਨੇ ਛੋਟੇ ਛੋਟੇ ਅਖਾੜੇ ਲਾਏ ਹੋਏ ਸਨ। ਕਈ ਸਿਰਫ਼ ਆਰਕੈਸਟਰਾ ਹੀ ਵਜਾ ਰਹੇ ਸਨ। ਇਕ ਦੋ ਚਿਤਕਾਰ ਵੀ ਪੁੱਜੇ ਹੋਏ ਸਨ। ਆਰਜ਼ੀ ਸਟੂਡੀਓ ਵਿਚ ਉਹ ਪੰਦਰਾਂ ਵੀਹਾਂ ਮਿੰਟਾਂ ਵਿਚ ਵਿਅਕਤੀ-ਚਿਤਰ ਬਣਾ ਕੇ ਹਥ ਫੜਾਉਂਦੇ ਸਨ। ਸੇਵਾ-ਫਲ ਸ਼ਾਇਦ ਇਕ ਡਾਲਰ ਹੀ ਲੈਂਦੇ ਸਨ। ਉਥੇ ਵੀ ਲੰਮੀ ਕਤਾਰ ਸੀ। ਮਿੰਨੀ ਘੋੜਾ ਬੱਘੀ ਅਤੇ ਗੱਡੇ ਉਤੇ ਬੱਚੇ ਸਵਾਰੀ ਕਰ ਰਹੇ ਸਨ।

ਲੋਕਾਂ ਦੀ ਦਿਲਚਸਪੀ ਅਤੇ ਉਨ੍ਹਾਂ ਦੀ ਮੇਲੇ ਵਿਚ ਸ਼ਮੂਲੀਅਤ ਲਈ ਦਰਜਨਾਂ ਢੰਗ ਸਨ ਜੋ ਵਖੋ ਵਖ ਥਾਵਾਂ ਤੇ ਪ੍ਰਬੰਧਿਤ ਸਨ। ਉਨ੍ਹਾਂ ਵਿਚੋਂ ਤਿੰਨ ਚਾਰ ਮੁਕਾਬਲੇ ਸਾਨੂੰ ਵਧੇਰੇ ਚੰਗੇ ਲੱਗੇ। ਦੁਸਹਿਰੇ ਦੇ ਮੇਲੇ ਵਿਚ ਜਿਵੇਂ ਕੋਈ ਸਨਾਤਨੀ ਕਿਸਾਨ ਸ਼ਗਨ ਵਜੋਂ ਗੰਨਿਆਂ ਦੀ ਭਰੀ ਲਿਆ ਸੁਟਦਾ ਹੈ, ਇਸੇ ਤਰ੍ਹਾਂ ਇਕ ਅਮਰੀਕੀ ਜ਼ਿਮੀਂਦਾਰ ਨੇ ਹਰੀਆਂ ਛੱਲੀਆਂ ਦਾ ਗੱਡਾ ਲਿਆ ਢੇਰੀ ਕੀਤਾ। ਬੱਚੇ ਟੁਟ ਕੇ ਪੈ ਗਏ। ਘੜੀ ਵਿਚ ਛੱਲੀਆਂ ਮਰੋੜ ਕੇ ਆਪਣੀਆਂ ਮਾਵਾਂ ਕੋਲ ਲੈ ਗਏ। ਹਰ ਇਕ ਸ਼ੁਗਲ ਜਾਂ ਖੇਡ ਲਈ ਪ੍ਰਬੰਧਕਾਂ ਵਲੋਂ ਕਿਗਰਾਨ ਨੀਅਤ ਸੀ ਅਤੇ ਹਰ ਮੁਕਾਬਲੇ ਲਈ ਇਨਾਮ ਰਖੇ ਹੋਏ ਸਨ। ਇਕ ਥਾਂ ਤਰਬੂਜ਼ ਦੇ ਬੀ ਮੂੰਹ ਵਿਚ ਪਾ ਕੇ ਦੂਰ ਸੁੱਟਣ ਦਾ ਟਾਕਰਾ ਹੋ ਰਿਹਾ ਸੀ। ਕਿਸੇ ਦੇ ਬੀ ਸੁੱਟਣ ਤੋਂ ਫੌਰਨ ਬਾਅਦ ਦੋ ਮੁੰਡੇ ਫੀਤਾ ਲੈ ਕੇ ਨਾਪਦੇ ਸਨ। ਨਾਲੋਂ ਨਾਲ ਐਲਾਨ ਕੀਤਾ ਜਾਂਦਾ ਸੀ। ਸਾਨੂੰ ਪਛਤਾਵਾ ਰਿਹਾ ਕਿ ਸਾਡੇ ਵਿਚੋਂ ਕਿਸੇ ਨੇ ਹਿੱਸਾ ਕਿਉਂ ਨਾ ਲਿਆ।

ਇਕ ਹੋਰ ਜਗਾ ਘੋੜੇ ਦੀਆਂ ਵੱਡੀਆਂ ਖੁਰੀਆਂ ਦੂਰ ਗੱਡੇ ਵੱਡੇ ਕਿਲ ਵਿਚ ਪਾਣ ਦਾ ਮੁਕਾਬਲਾ ਹੋ ਰਿਹਾ ਸੀ। ਮੁਖ ਮੰਡਲ ਤੇ ਉੱਚੀ ਉੱਚੀ ਚੀਕਾਂ ਮਾਰਨਾ ਦਾ ਟਾਕਰਾ ਵੀ ਹੋਇਆ ਸੀ। ਇਸ ਵਿਚ ਪੰਜਾਬੀ ਜ਼ਰੂਰ ਸਭ ਨੂੰ ਮਾਤ ਪਾ ਜਾਂਦੇ। ਅਮਰੀਕਨ ਤੇ ਕੈਨੇਡੀਅਨ ਲੋਕਾਂ ਦੀ ਵੱਡੀ ਸ਼ਿਕਾਇਤ ਹੀ ਇਹੋ ਹੈ ਕਿ ਪੰਜਾਬੀ ਲੋਕ ਉੱਚੀ ਬੋਲਦੇ ਅਤੇ ਖਪ ਪਾਉਂਦੇ ਹਨ। ਡਾ: ਸੰਧੂ ਨੇ ਖਾਰ ਖਾ ਕੇ ਇਕ ਆਈਟਮ ਵਿਚ ਹਿੱਸਾ ਲੈ ਹੀ ਲਿਆ। ਸੁੱਕੇ ਘਾ ਦੇ ਵੱਡੇ ਢੇਰ ਨੂੰ ਸਣਘੋ ਨਾਲ ਚੁਕ ਕੇ ਦੂਜੀ ਥਾਂ ਕਰਨਾ ਸੀ। ਇਕ ਕਿਸਾਨ ਨੇ ੪੩ ਸਕਿੰਟਾਂ ਵਿਚ ਢੇਰ ਚੁਕਿਆ। ਲੋਕਾਂ ਨੇ ਤਾਲੀਆਂ ਵਜਾ ਕੇ ਦਾਦ ਦਿਤੀ। ਜਦੋਂ ਡਾ: ਸੰਧੂ ਦੀ ਵਾਰੀ ਆਈ ਅਸੀਂ ਖੂਬ ਸ਼ੋਰ ਮਚਾਇਆ। ਉਸ ਨੇ ੨੫ ਸਕਿੰਟਾਂ ਵਿਚ ਢੇਰ ਚੁਕ ਮਾਰਿਆ। ਆਖਰ ਨਿੱਕਾ ਹੁੰਦਾ ਮਲੋਟ ਇਹੋ ਕੰਮ ਕਰਦਾ ਰਹਿਆ ਸੀ। ਪ੍ਰਬੰਧਕ ਨੇ ਸ਼ਾਬਾਸ਼ ਅਤੇ ਅੱਵਲ ਇਨਾਮ ਦਿੱਤਾ। ਸਾਨੂੰ ਪੂਰਾ ਭਰੋਸਾ ਸੀ ਪੰਜਾਬੀ ਇਨ੍ਹਾਂ ਦੇ ਅੱਧੇ ਇਨਾਮ ਜਿਤ ਜਾਂਦੇ। ਅਮਰੀਕਾ ਵਿਚ ਬਹੁਤ ਸਾਰੇ ਪੰਜਾਬੀਆਂ ਨੇ ਅਣਥਕ ਮਿਹਨਤ, ਦਿਆਨਤਦਾਰੀ ਤੇ ਅਦਭੁਤ ਸੂਝ ਦਵਾਰਾ ਕਈ ਖੇਤਰਾਂ ਵਿਚ ਭਾਰੀ ਜਸ ਖਟਿਆ ਹੋਇਆ ਹੈ।

ਪ੍ਰਬੰਧਕਾਂ ਵਲੋਂ ਮੇਲੇ ਵਿਚ ਸ਼ਰਾਬ ਪੀਣ ਜਾਂ ਲਿਆਣ ਦੀ ਖਾਸ ਮਨਾਹੀ ਸੀ। ਸ਼ਾਇਦ ਹੀ ਕਿਸੇ ਨੇ ਉਲੰਘਣਾ ਕੀਤੀ ਹੋਵੇ। ਸਾਡੇ ਮੇਲਿਆਂ ਵਿਚ ਰੂੜੀ ਮਾਰਕਾ ਚਾੜ੍ਹ ਕੇ ਬਕਰੇ ਬੁਲਾਏ ਅਤੇ ਖਰੂਦ ਪਾਣਾ ਜ਼ਰੂਰੀ ਸਮਝਦੇ ਹਨ। ਕਈ ਦਫ਼ਾ ਪੁਲਸ ਵੀ ਬੇਵਸ ਖੜੀ ਦੇਖਦੀ ਰਹਿੰਦੀ ਹੈ। ਮੇਲੇ ਵਿਚ ਪੁਰਾਣੀਆਂ ਕਿੜਾਂ ਕਢਣੀਆਂ ਆਮ ਝਾਕੀਆਂ

ਹਨ। ਇਥੇ ਪੁਲਸ ਮਿੰਨੀ ਕਾਰਾਂ ਵਿਚ ਜਾਂ ਪੈਦਲ ਬਿਨਾ ਦਖਲ ਦਿੱਤੇ ਘੁੰਮ ਰਹੀ ਸੀ। ਰੈਡ ਕਰਾਸ ਵਲੋਂ ਤਕੜਾ ਐਂਬੂਲੈਂਸ ਜਥਾ ਪੁੱਜਾ ਹੋਇਆ ਸੀ। ਇਕ ਬੁੱਢੇ ਨੂੰ ਦਿਲ ਦਾ ਦੌਰਾ ਪੈ ਗਿਆ ਸੀ। ਮੁਢਲੇ ਓਹਰ ਪੋਹਰ ਤੋਂ ਬਾਅਦ ਉਸ ਨੂੰ ਫੌਰਨ ਹਸਪਤਾਲ ਪੁਚਾਇਆ ਗਿਆ।

ਦੋ ਨਾਲਿਆਂ ਉਤੇ ਤੰਗ ਲਕੜੀ ਦੇ ਪੁਲ ਸਨ। ਕੋਈ ਧੱਕਾ ਨਹੀਂ ਸੀ ਮਾਰਦਾ। ਲੋਕੀਂ ਲੰਮੀ ਕਤਾਰ ਬੰਨੀ ਖੜੇ ਸਨ। ਅਸੀਂ ਸਮਝਦੇ ਹਾਂ ਧੱਕ ਮੁਧੱਕੇ ਤੋਂ ਬਿਨਾ ਮੇਲੇ ਦਾ ਮਜ਼ਾ ਹੀ ਨਹੀਂ। ਅਸੀਂ ਲੋਕ ਕਾਨੂੰਨ ਦੀ ਉਲੰਘਣਾ ਕਰਨ ਨੂੰ ਵਡਿਆਈ ਸਮਝਦੇ ਹਾਂ ਤੇ ਇਹ ਲੋਕ ਕਾਨੂੰਨ ਦੀ ਪਾਲਣਾ ਕਰਨਾ ਆਪਣਾ ਫਰਜ਼।

ਦਖਣੀ ਅਮਰੀਕਾ ਦਾ ਇਲਾਕਾ ਹੋਣ ਕਰਕੇ ਗਰਮੀ ਸਾਡੇ ਸ਼ੁਰੂ ਅਪ੍ਰੈਲ ਵਰਗੀ ਸੀ। ਇਸੇ ਕਰਕੇ ਬਹੁਤੀਆਂ ਔਰਤਾਂ ਅਧ-ਨੰਗੀਆਂ ਹੀ ਸਨ। ਉਂਝ ਵੀ ਅਜ ਕਲ ਫੈਸ਼ਨ ਵਜੋਂ ਔਰਤਾਂ ਇਥੇ ਆਮ ਸ਼ੌਰਟਸ (ਟੁੱਟੀਆਂ ਫੁੱਟੀਆਂ ਨਿਰਕਾਂ) ਪਾਂਦੀਆਂ ਹਨ। ਚੰਡੀਗੜ੍ਹ ਦੀਆਂ ਕੁੜੀਆਂ ਵਿਚ ਇਥੋਂ ਦਾ ਕਈ ਸਾਲ ਪੁਰਾਣਾ ਪੈਂਟ ਸ਼ਰਟ ਪਾਣ ਦਾ ਰਵਾਜ ਅਜੇ ਹੁਣੇ ਹੀ ਚਾਲੂ ਹੋਇਆ ਹੈ।

ਗਲ ਕੀ, ਹਰ ਭਾਂਤ ਤੇ ਹਰ ਉਮਰ ਦੇ ਇਸਤ੍ਰੀ-ਮਰਦ, ਬਾਲ ਬੁੱਢੇ ਲਈ ਮੌਜ ਮੇਲੇ ਦੇ ਸਾਧਨ ਸਨ। ਪੌਣੇ ਸਤ ਵਜੇ ਮੇਲਾ ਚੰਗੀ ਤਰ੍ਹਾਂ ਛਿੜਿਆ। ਬੱਸਾਂ ਦੀ ਲਾਈਨ ਬਝ ਗਈ! ਇਹ ਮੇਲਾ ਦੇਖ ਕੇ ਇਕ ਗਲ ਮੈਨੂੰ ਚੰਗੀ ਤਰ੍ਹਾਂ ਦ੍ਰਿੜ ਹੋਈ : ਧਰਤੀ ਦੇ ਤਲ ਉਤੇ ਕਿਧਰੇ ਵੀ ਚਲੇ ਜਾਓ, ਰੰਗ ਵਖੋ ਵਖ ਹੋਣਗੇ, ਨਸਲਾਂ, ਭੇਸ, ਰਸਮੋ ਰਿਵਾਜ, ਰਹਿਣੀ ਬਹਿਣੀ ਅਡ ਅਡ ਹੋਵੇਗੀ ਪਰ ਮਨੁਖੀ ਪ੍ਰਕ੍ਰਿਤੀ (Human nature) ਹਰ ਥਾਂ ਇਕੋ ਜਿਹੀ ਹੈ।


# ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



New Store
9:00 a.m. to 6:30 p.m.

**BHARTI ART JEWELLERS**

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj


ਸਥਾਈ ਕਾਲਮ

## ਸੰਜੀਵਨੀ ਬੂਟੀ

(ਹਾਸ ਰਸ)



## ਜੀ ਓਏ ਢਿਡਾ ਜੀ......"

**—ਅਨੰਤ ਸਿੰਘ ਕਾਬਲੀ**

"ਜੀ ਓਏ ਢਿਡਾ ਜੀ ਤੂੰਹੇਂ ਪੁਤਰ ਤੂੰਹੇਂ ਧੀ।" ਕੌਣ ਹੈ ਜੋ ਇਸ ਅਖਾਣ ਨੂੰ ਨਹੀਂ ਜਾਣਦਾ? ਪੰਜਾਬੀ ਦਾ ਇਹ ਪ੍ਰਸਿਧ ਅਖਾਣ ਘਰਾਂ ਵਿਚ ਆਮ ਵਰਤਿਆ ਜਾਂਦਾ ਹੈ। ਇਸ ਅਖਾਣ ਦੀ ਵਰਤੋਂ ਉਨ੍ਹਾਂ ਲੋਕਾਂ ਬਾਰੇ ਕੀਤੀ ਜਾਂਦੀ ਹੈ ਜਿਹੜੇ ਆਪਣੇ ਪਿਉ ਦਾਦੇ ਦੀ ਜਾਂ ਆਪਣੀ ਸਾਰੀ ਕਮਾਈ ਆਪਣੇ ਢਿਡ ਵਿਚ ਹੀ ਪਾ ਛਡਦੇ ਹਨ। ਜਿਨ੍ਹਾਂ ਨੂੰ ਸਵਾਏ ਖਾਣ ਪੀਣ ਦੇ ਹੋਰ ਕੋਈ ਕੰਮ ਹੀ ਨਹੀਂ ਹੁੰਦਾ, ਜਿਨ੍ਹਾਂ ਦੇ ਕਪੜੇ ਤੇ ਭਾਵੇਂ ਮੈਲੇ ਅਤੇ ਪਾਟੇ ਹੋਏ ਹੁੰਦੇ ਹਨ, ਪਰ ਪੇਟ ਚੰਗੇ ਲਿਸ਼ਕੇ ਪੁਸ਼ਕੇ ਹੁੰਦੇ ਹਨ। ਉਹਨਾਂ ਦਾ ਜੀਵਨ ਦਾ ਮੁਖ ਮੰਤਵ ਹੀ ਪੇਟ ਪੂਜਾ ਹੈ। ਜ਼ਬਾਨ ਦਾ ਚਸਕਾ ਉਹਨਾਂ ਦਾ ਭਠਾ ਬਿਠਾ ਦੇਂਦਾ ਹੈ, ਪਰ ਫਿਰ ਵੀ ਉਹ ਇਸ ਆਦਤ ਨੂੰ ਹਥੋਂ ਨਹੀਂ ਛਡਦੇ। ਕਿਸੇ ਸਿਆਣੇ ਨੇ ਕਿਹਾ ਹੈ, "ਤਿਤਰ ਖੰਭੀ ਬੱਦਲੀ, ਰੰਨ ਮਲਾਈ ਖਾ, ਉਹ ਵਸੇ, ਉਹ ਉਜੜੇ, ਬਚਨ ਨਾ ਖਾਲੀ ਜਾ" ਜਿਵੇਂ ਤਿਤਰ ਵਰਗੇ ਖੰਬਾਂ ਵਾਲੀ ਬਦਲੀ ਜ਼ਰੂਰ ਵਰਖਾ ਕਰਦੀ ਹੈ ਇਸੇ ਤਰ੍ਹਾਂ ਮਲਾਈ ਖਾਣ ਵਾਲੀ ਤੀਵੀਂ ਅਵੱਸ਼ ਹੀ ਉਜਾੜਾ ਪਾ ਦੇਂਦੀ ਹੈ। ਆਪਣੇ ਹੀ ਪੇਟ ਦਾ ਪੁਜਾਰੀ ਬੜਾ ਖੁਦਗਰਜ਼ ਜਿਹਾ ਮਨੁਖ ਹੁੰਦਾ ਹੈ ਅਤੇ ਉਹ ਕਿਸੇ ਦਾ ਵੀ ਮਿੱਤਰ ਨਹੀਂ ਹੁੰਦਾ। ਮੈਨੂੰ ਯਾਦ ਹੈ, ਮੈਂ ਬਹੁਤ ਛੋਟਾ ਹੁੰਦਾ ਸਾਂ। ਸਾਡੇ ਮਹਲੇ ਵਿਚ ਇਕ ਬੜਾ ਵਡਾ ਜਾਗੀਰਦਾਰ ਰਹਿੰਦਾ ਸੀ। ਉਸ ਦੇ ਧੀਆਂ ਪੁਤਰ ਵਡੇ ਵਡੇ ਅਤੇ ਵਿਆਹੇ ਹੋਏ ਸਨ, ਪਰ ਉਹ ਸਾਰੇ ਵਖਰੇ ਸਨ ਤੇ ਚਾਚਾ ਧੰਨਾ ਵਖਰਾ ਹੀ ਢਾਈ ਪਾ ਦੀ ਖਿਚੜੀ ਪਕਾਉਂਦਾ ਸੀ। ਉਸ ਨੂੰ ਇਕ ਸੌ ਰੁਪਿਆ ਸਰਕਾਰੀ ਜਾਗੀਰ ਮਿਲਦੀ ਸੀ। ਉਹਨਾਂ ਸਮਿਆਂ ਵਿਚ ਸੌ ਰੁਪਏ ਬੜੀ ਚੀਜ਼ ਹੁੰਦੇ ਸਨ ਅਤੇ ਇਕੱਲੇ ਆਦਮੀ ਲਈ ਤਾਂ ਇਹ ਬਹੁਤ ਕੁਝ ਸਨ। ਚਾਚਾ ਧੰਨਾ ਸਾਰਾ ਦਿਨ ਖੂੰਡਾ ਖੜਕਾਉਂਦਾ ਬਾਜ਼ਾਰ ਦੇ ਹੀ ਗੇੜੇ ਕਟਦਾ ਰਹਿੰਦਾ। ਹਲਵਾਈ ਦੀ ਦੁਕਾਨ ਉਤੇ ਕਾਫੀ ਦੇਰ ਬੈਠਾ ਰਹਿੰਦਾ ਜਿਵੇਂ ਉਸ ਨਾਲ ਕੋਈ ਹਿੱਸਾ ਪਾਇਆ ਹੋਇਆ ਸੀ। ਇਕ ਦਿਨ ਮੈਂ ਉਸਦੇ ਨਾਲ ਬਾਜ਼ਾਰ ਗਿਆ, ਉਸ ਨੇ ਹਲਵਾਈ ਨਾਲ ਹਿਸਾਬ ਚੁਕਾਉਣ ਲਈ ਮੈਨੂੰ

ਹਿਸਾਬ ਕਿਤਾਬ ਵਾਲੀ ਕਾਪੀ ਦੀ ਪੜਤਾਲ ਕਰਨ ਲਈ ਆਖਿਆ ਕਿਉਂਕਿ ਉਹ ਆਪ ਨਾ ਤਾਂ ਪੜ੍ਹਿਆ ਹੋਇਆ ਸੀ ਤੇ ਨਾ ਹੀ ਉਸਨੂੰ ਕੁਝ ਨਜ਼ਰ ਹੀ ਆਉਂਦਾ ਸੀ। ਸੋਟੀ ਦੀ ਸਹਾਇਤਾ ਨਾਲ ਥੋੜਾ ਬਹੁਤ ਟੁਰਨ ਫਿਰਨ ਜੋਗੀ ਹੀ ਨਜ਼ਰ ਸੀ ਉਸਦੀ। ਹਿਸਾਬ ਤਾਂ ਮੈਂ ਵੇਖ ਕੇ ਕਰ ਦਿਤਾ, ਪਰ ਮੈਂ ਇਹ ਵੇਖ ਕੇ ਬੜਾ ਹੈਰਾਨ ਹੋਇਆ ਕਿ ਸਾਰੀ ਕਾਪੀ ਹੀ ਖੋਇਆ, ਬਰਫ਼ੀ, ਪੇੜੇ, ਲਡੂ, ਪਿੰਨੀਆਂ ਆਦਿ ਨਾਲ ਭਰੀ ਹੋਈ ਸੀ। ਜ਼ਬਾਨ ਦਾ ਬੜਾ ਚਸਕਾ ਸੀ ਉਸ ਨੂੰ ਅਤੇ ਉਹ ਸਾਰਾ ਦਿਨ ਚਰਦਾ ਰਹਿੰਦਾ ਸੀ। ਕਪੜੇ ਉਸ ਦੇ ਮੈਲੇ ਹੀ ਹੁੰਦੇ ਸਨ, ਪਰ ਖਾਣ ਪੀਣ ਦਾ ਬੜਾ ਸ਼ੌਕੀਨ ਸੀ, ਪੂਰਾ ਇਕ ਹੋਰ ਖਾਲਸ ਦੁੱਧ (ਉਹਨਾਂ ਦਿਨਾਂ ਵਿਚ ਸਭ ਚੀਜ਼ਾਂ ਖਾਲਸ ਹੀ ਮਿਲਦੀਆਂ ਸਨ) ਕੜ੍ਹਨਾ ਰਖ ਦੇਂਦਾ। ਜਦੋਂ ਸੁਕ ਸੁਕ ਕੇ ਡੇਢ ਕੁ ਪਾ ਰਹਿ ਜਾਂਦਾ ਤਾਂ ਉਸ ਵਿਚ ਚਾਹ ਦੀ ਪਤੀ ਤੇ ਨਾਲ ਹੀ ਬਦਾਮਾਂ ਦੀਆਂ ਗਿਰੀਆਂ ਜਾਂ ਇਕ ਦੋ ਛੁਹਾਰੇ ਸੁਟ ਦੇਂਦਾ। ਫੇਰ ਮਿਠਾ ਰਲਾ ਕੇ ਬੜੇ ਚਟਖ਼ੋਰੇ ਲੈ ਲੈ ਕੇ ਬਦਾਮਾਂ ਵਾਲੀ ਚਾਹ ਪੀਂਦਾ। ਦੂਜੇ ਤੀਜੇ ਦਿਨ ਨਾਲ ਦੇ ਪਿੰਡਾਂ ਵਿਚ ਮੁਰਗੀਆਂ, ਅੰਡੇ ਅਤੇ ਦੇਸੀ ਘੀ ਆਦਿ ਖਰੀਦਣ ਲਈ ਜ਼ਰੂਰ ਚਕਰ ਲਗਾਉਂਦਾ। ਆਪਣੇ ਪੁਤਰਾਂ ਧੀਆਂ ਨਾਲ ਉਸਨੂੰ ਕੋਈ ਵਾਸਤਾ ਨਹੀਂ ਸੀ। ਇਹ ਗਲ ਵਖਰੀ ਹੈ ਕਿ ਕਦੇ ਕਦੇ ਉਸ ਦਾ ਕੋਈ ਪੁਤਰ ਉਸ ਨੂੰ ਰਾਹ ਵਿਚ ਘੇਰ ਕੇ ਕੁਝ ਮਾਯਾ ਬਟੋਰ ਲੈਂਦਾ। ਉਸ ਨੂੰ ਜੇ ਗੁਸਾ ਵੀ ਆਉਂਦਾ ਤਾਂ ਸੋਟੀ ਜ਼ਮੀਨ ਉਤੇ ਹੀ ਮਾਰਦਾ। ਤੰਗ ਕਰਨ ਵਾਲੇ ਨੂੰ ਸਿਰਫ਼ ਡਰਾਵਾ ਹੀ ਦੇਂਦਾ ਤੇ ਸੋਟੀ ਕਦੇ ਨਾ ਮਾਰਦਾ। ਹਾਂ ਗਾਹਲਾਂ ਬੜੀਆਂ ਸਵਾਦਲੀਆਂ ਤੇ ਮੂੰਹ ਭਰ ਕੇ ਕਢਦਾ।

ਪੇਟ ਦੀ ਪੂਜਾ ਕਰਨ ਵਾਲੇ ਕਿਸੇ ਦੇ ਮਿੱਤਰ ਨਹੀਂ ਹੁੰਦੇ। ਉਹ ਦੂਜਿਆਂ ਦਾ ਹਿਸਾ ਵੀ ਹੜੱਪ ਕਰ ਜਾਂਦੇ ਹਨ। ਸਾਡਾ ਇਕ ਮਿਤਰ ਬੜੀ ਅਜੀਬ ਤਬੀਅਤ ਦਾ ਮਾਲਕ ਹੈ। ਉਸ ਦੇ ਘਰ ਜੇ ਕੋਈ ਸਰਬੰਧੀ ਬਾਲਾਂ ਦੇ ਖਾਣ ਨੂੰ ਕੇਲੇ ਆਦਿ ਲੈ ਕੇ ਜਾਵੇ ਤਾਂ ਉਹ ਸਾਰਾ ਲਫਾਫਾ ਆਪਣੇ ਕੋਲ ਰਖ ਕੇ ਪਹਿਲਾਂ ਆਪ ਰਜ ਕੇ ਖਾ ਲੈਂਦਾ ਹੈ ਤੇ ਫਿਰ ਜੇ ਕੁਝ ਬਚ ਜਾਏ ਤਾਂ ਭਾਵੇਂ ਬਾਲਾਂ ਨੂੰ ਥੋੜਾ ਬਹੁਤਾ ਹਿਸਾ ਮਿਲ ਜਾਵੇ ਨਹੀਂ ਤਾਂ ਇਸ ਦਾ ਆਪਣਾ ਲੈਟਰ ਬਕਸ ਜ਼ਰੂਰ ਭਰਨਾ ਚਾਹੀਦਾ ਹੈ? ਖਾਲਾਂ ਦੀ ਖ਼ੈਰ ਹੁੰਦੀ ਹੈ। ਇਸ ਦੇ ਬਾਲ ਵੀ ਕੁਝ ਸਹਿਮੇ ਹੀ ਰਹਿੰਦੇ ਹਨ, ਰਤਾ ਜਿੰਨੀ ਵੀ ਅੜੀ ਨਹੀਂ ਕਰਦੇ।

ਆਪਣੇ ਢਿਡ ਉਤੇ ਥਾਪੀ ਮਾਰ ਕੇ "ਜੀ ਓਏ ਢਿਡਾ ਜੀ ਤੂੰਹੋਂ ਪੁਤਰ ਤੂੰਹੋਂ ਧੀਅ' ਕਹਿਣ ਵਾਲਿਆਂ ਤੋਂ ਵੀ ਵਾਰੇ ਵਾਰੇ ਜਾਈਏ। ਇਹ ਤਾਂ ਵੈਸੇ ਹੀ ਮਾਣ ਨਹੀਂ ਪਰ ਜੇ ਆਪਣੀ ਆਈ ਉਤੇ ਆ ਜਾਣ ਤਾਂ ਕਮਾਲ ਕਰ ਵਿਖਾਉਂਦੇ ਹਨ। ਇਕ ਪੇਟੂ ਕਿਸੇ ਦੇ ਘਰ ਗਿਆ, ਘਰ ਵਾਲਿਆਂ ਨੇ ਰੋਟੀ ਦਾ ਵਕਤ ਹੋਣ ਕਰਕੇ ਇਸ ਨੂੰ ਰੋਟੀ ਖਾਣ ਲਈ ਆਖਿਆ। ਇਸ ਨੇ ਕਿਹਾ "ਰੋਟੀ ਤਾਂ ਮੈਂ ਖਾ ਆਇਆ ਹਾਂ", ਘਰ ਦੀ ਮਾਲਕਣ ਨੇ ਸਮਝਿਆ, ਹੁਣ ਖਾਧੀ ਉਤੇ ਤਾਂ ਖਾਣ ਹੀ ਨਹੀਂ ਲਗਾ, ਪਰ ਵੈਸੇ ਆਪਣੀ ਲਤ ਉਪਰ ਰਖਣ ਕਾਰਨ ਉਸ ਨੇ ਵਧੇਰੇ ਜ਼ੋਰ ਲਾਇਆ, ਪਰ ਉਹ ਹੈਰਾਨ ਹੋਈ ਜਦ ਇਸ ਪੇਟੂ ਨੇ ਕਿਹਾ, "ਭੁਖ ਤਾਂ ਹੈ ਨਹੀਂ ਪਰ ਤੁਹਾਡਾ ਆਖਿਆ ਵੀ ਮੋੜਿਆ ਨਹੀਂ ਜਾਂਦਾ, ਲਿਆਓ ਮੂੰਹ ਸਲੂਣਾ ਕਰ ਹੀ ਲੈਂਦੇ ਹਾਂ।" ਪਹਿਲਾਂ ਉਸ ਦੀ ਥਾਲੀ ਵਿਚ ਦੋ ਫੁਲਕੇ ਰਖੇ ਗਏ, ਜਿਹੜੇ ਪਤਾ ਹੀ ਨਾ ਲਗਾ ਉਸ ਨੇ ਫਟਾ ਫਟ ਅੰਦਰ ਸੁਟ ਲਏ, ਫੇਰ ਹੋਰ ਤੇ ਹੋਰ, ਕਰਦੇ ਕਰਦੇ ਸਾਰੇ ਟਬਰ ਦੀਆਂ ਰੋਟੀਆਂ ਰਗੜ ਗਿਆ, ਤੇ ਬਣਿਆਂ ਕੁਝ ਵੀ ਨਾ। ਇਤਨੀ ਦੇਰ ਨੂੰ ਉਹਨਾਂ ਦਾ ਛੋਟਾ ਮੁੰਡਾ ਸਕੂਲੋਂ ਆਇਆ ਤਾਂ ਆਪਣੀ ਭੈਣ ਕੋਲੋਂ ਰੋਟੀ ਮੰਗਣ ਲਗਾ। ਰੋਟੀ ਤਾਂ ਹੈ ਨਹੀਂ ਸੀ ਤੇ ਬੱਚਿਆਂ ਵਿਚ ਸਬਰ ਵੀ ਕਿਥੋਂ ਹੁੰਦਾ ਹੈ। ਮੁੰਡਾ ਰੋਣ ਲਗਾ। ਮਾਂ ਨੇ ਧੀ ਨੂੰ ਬੁਲਾ ਕੇ ਹੌਲੀ ਜਿਹੀ ਪੁਛਿਆ ਕਿ ਮੁੰਡਾ ਕਿਉਂ ਰੋਂਦਾ ਹੈ? ਉਸ ਕਿਹਾ, ਰੋਟੀ ਲਈ ਰੋਂਦਾ ਹੈ। ਮਾਂ ਨੇ ਕਿਹਾ, "ਉਸ ਨੂੰ ਕਹੋ, ਪ੍ਰਾਹੁਣਾ ਜਾ ਲੈਣ ਦੇ, ਫਿਰ ਸਾਰੇ ਰਲਕੇ ਰੋਵਾਂਗੇ।"

ਜੇ ਕਿਸੇ ਕਾਣੇ ਨੂੰ ਕਾਣਾ ਆਖਿਆ ਜਾਵੇ ਤਾਂ ਉਹ ਗੁਸਾ ਕਰ ਲੈਂਦਾ ਹੈ। ਇਸੇ ਤਰ੍ਹਾਂ ਕੋਈ ਵੀ ਪੇਟੂ ਆਪਣਾ ਨਾਂ ਪੇਟੂ ਨਹੀਂ ਰਖਵਾਉਣਾ ਚਾਹੁੰਦਾ ਤੇ ਵੈਸੇ ਜੇ ਉਸ ਦੀ ਬਹਾਦਰੀ ਦੀਆਂ ਗੱਲਾਂ ਕੀਤੀਆਂ ਜਾਣ ਤਾਂ ਉਹ ਖੁਸ਼ ਹੁੰਦਾ ਹੈ। ਬਹੁਤਾ ਖਾਂਦੇ ਹੋਏ ਵੀ ਉਹ ਲੋਕਾਂ ਉਤੇ ਆਪਣੇ ਪੇਟੂ ਹੋਣ ਦਾ ਪ੍ਰਭਾਵ ਨਹੀਂ ਪਾਉਣਾ ਚਾਹੁੰਦਾ। ਕਹਿੰਦੇ ਹਨ, ਇਕ ਪੇਟੂ ਕਿਸੇ ਦੇ ਘਰ ਗਿਆ। ਰੋਟੀ ਦਾ ਵਕਤ ਸੀ ਤੇ ਘਰ ਵਾਲਿਆਂ ਨੂੰ ਇਹ ਵੀ ਪਤਾ ਸੀ ਕਿ ਉਹ ਰੋਟੀਆਂ ਦੇ ਚੰਗੇ ਤਵਾਹੇ ਲਾਹੁੰਦਾ ਹੈ। ਉਹਨਾਂ ੧੦-੧੨ ਰੋਟੀਆਂ ਪਲੇਟ ਵਿਚ ਪਾ ਕੇ ਉਸ ਪ੍ਰਾਹੁਣੇ ਅਗੇ ਲਿਆ ਰਖੀਆਂ। ਉਸ ਨੇ ਰੋਟੀਆਂ ਵੇਖ ਕੇ ਕਿਹਾ, "ਇਤਨੀਆਂ ਰੋਟੀਆਂ ਲਿਆ ਰਖੀਆਂ ਹਨ, ਕੀ ਮੈਨੂੰ ਪੇਟੂ ਸਮਝ ਰਖਿਆ ਜੇ, ਇਹ ਉਪਰਲਾ ਫੁਲਕਾ ਲੈ ਜਾਓ, ਫਿਰ ਲੋੜ ਹੋਈ ਤਾਂ ਲੈ ਲਵਾਂਗਾ।" ਦਸਾਂ ਬਾਰਾਂ ਰੋਟੀਆਂ ਵਿਚੋਂ ਇਕ ਰੋਟੀ ਮੋੜ ਕੇ ਉਹ ਸਚਾ ਬਣ ਗਿਆ ਤੇ ਮਗਰੋਂ ਚਾਰ ਪੰਜ ਰੋਟੀਆਂ ਦੂਜੀ ਵੇਰ ਪੁਛਣ ਉਤੇ ਫੇਰ ਰਖਵਾ ਲਈਆਂ।

ਆਪਣੀ ਗੋਗੜ ਤੇ ਹਥ ਫੇਰਨ ਵਾਲੇ ਕਿਸੇ ਦੇ ਸਕੇ ਨਹੀਂ ਹੁੰਦੇ, ਇਥੋਂ ਤਕ ਕਿ ਉਹ ਆਪਣੀ ਸੰਤਾਨ ਲਈ ਵੀ ਕੁਝ ਨਹੀਂ ਕਰ ਸਕਦੇ। ਸਾਰੀ ਕਮਾਈ ਨਾਲ ਨਾਲ 'ਨਵਾਲੇ ਤੇ ਪਿਆਲੇ' ਦੇ ਸਪੁਰਦ ਕਰੀ ਜਾਂਦੇ ਹਨ ਤੇ ਬੱਚਿਆਂ ਲਈ ਚਾਰ ਪੈਸੇ ਬਚਾ ਕੇ ਰਖਣ ਦੀ ਗ਼ਲਤੀ ਹੀ ਨਹੀਂ ਕਰਦੇ। ਉਹਨਾਂ ਦਾ ਵਿਚਾਰ ਹੁੰਦਾ ਹੈ ਕਿ ਜੇ ਔਲਾਦ ਲਈ ਪੈਸਾ ਜਮ੍ਹਾਂ ਕੀਤਾ ਜਾਵੇ ਤਾਂ ਉਹ ਨਿਕੰਮੀ ਤੇ ਸੁਸਤ ਬਣ ਜਾਂਦੀ ਹੈ। ਬੱਚਿਆਂ ਨੂੰ ਆਪਣੇ ਪੈਰਾਂ ਉਤੇ ਆਪ ਹੀ ਖੜੇ ਹੋਣ ਦਾ ਮੌਕਾ ਦੇਣਾ ਚਾਹੀਦਾ ਹੈ। ਪੈਸੇ ਜਮ੍ਹਾਂ ਕਰਨ ਵਾਲਿਆਂ ਲਈ ਉਹ ਇਹ ਅਖਾਣ ਵਰਤਦੇ ਹਨ; "ਜੋੜ ਜੋੜ ਮਰ ਜਾਣਗੇ ਤੇ ਮਾਲ ਜਵਾਈ ਖਾਣਗੇ" ਤੇ ਆਪਣੇ ਲਈ "ਖਾਧਾ ਪੀਤਾ ਲਾਹੇ ਦਾ ਰਹਿੰਦਾ ਆਹਮਦ ਸ਼ਾਹੇ ਦਾ"। ਅਖਾਣ ਦੀ ਗ਼ਲਤ ਵਰਤੋਂ ਵੀ ਕਰੀ ਜਾਂਦੇ ਹਨ। ਗਲਾਂ ਕਰਨ ਵਿਚ ਕਿਸੇ ਨੂੰ ਅਗੇ ਨਹੀਂ ਲੰਘਣ ਦੇਂਦੇ।

ਪੇਟੂਆਂ ਦੀ ਸ਼ਰੇਣੀ ਵਿਚ ਸਭ ਤੋਂ ਉਚਾ ਦਰਜਾ ਪੰਡਤਾਂ ਤੇ ਪ੍ਰੋਹਤਾਂ ਦਾ ਹੈ ਅਤੇ ਇਹਨਾਂ ਨੂੰ ਜੇ ਕਦੇ ਆਪਣੇ ਕਰਤਬ ਵਿਖਾਉਣ ਦਾ ਅਵਸਰ ਮਿਲਦਾ ਹੈ ਤਾਂ ਉਹ ਸਰਾਧਾਂ ਦੇ ਦਿਨਾਂ ਵਿਚ। ਪੰਡਤਾਂ ਦੇ ਇਕ ਮੁੰਡੇ ਦਾ ਵਿਆਹ ਹੋਇਆ, ਨੂੰਹ ਰਾਣੀ ਵੀ ਪੰਡਤਾਂ ਦੀ ਹੀ ਧੀ ਸੀ। ਥੋੜ੍ਹੇ ਦਿਨਾਂ ਮਗਰੋਂ ਹੀ ਸਰਾਧ ਆ ਗਏ। ਵਡਾ ਪੰਡਤ ਤੇ

ਉਸ ਦਾ ਨਵਾਂ ਵਿਆਹਿਆ ਮੁੰਡਾ ਆਪਣੇ ਜਜਮਾਨਾਂ ਦੇ ਘਰ ਨਿਉਂਦਾ ਖਾਣ ਗਏ। ਜਦੋਂ ਉਹਨਾਂ ਦੇ ਵਾਪਸ ਆਉਣ ਦਾ ਵਕਤ ਹੋਣ ਲਗਾ ਤਾਂ ਵਡੀ ਪੰਡਤਾਣੀ ਨੇ ਆਪਣੀ ਨੂੰਹ ਰਾਣੀ ਨੂੰ ਆਖਿਆ "ਕੁੜੀਏ, ਉਹਨਾਂ ਦੇ ਆਉਣ ਦਾ ਵੇਲਾ ਹੋ ਗਿਆ ਹੈ, ਤੂੰ ਦੋ ਬਿਸਤਰੇ ਵਿਛਾ ਛਡ, ਉਹਨਾਂ ਆਉਂਦਿਆਂ ਹੀ ਮੰਜੇ ਤੇ ਪੈ ਜਾਣਾ ਹੈ।" ਨੂੰਹ ਵੀ ਪੰਡਤਾਂ ਦੇ ਖਾਨਦਾਨ ਵਿਚੋਂ ਹੀ ਸੀ, ਕਹਿਣ ਲਗੀ "ਮਾਂ ਜੀ, ਇਥੇ ਆਪਣੇ ਘਰ ਆ ਕੇ ਮੰਜੇ ਤੇ ਪੈਣ ਦਾ ਰਿਵਾਜ ਹੈ ? ਸਾਡੇ ਤਾਂ ਉਥੋਂ ਹੀ ਮੰਜੇ ਤੇ ਪੈ ਕੇ ਆਉਂਦੇ ਹਨ।"

ਕਹਿੰਦੇ ਹਨ "ਜਮਦੀਆਂ ਸੂਲਾਂ ਦੇ ਮੂੰਹ ਤਿਖੇ ਹੁੰਦੇ ਹਨ" ਪੇਟ ਪੂਜਾ ਦੇ ਹਾਮੀ ਬਚਪਨ ਤੋਂ ਹੀ ਅਭਿਆਸ ਕਰਨਾ ਆਰੰਭ ਦੇਂਦੇ ਹਨ, ਤਦੇ ਹੀ ਉਹ ਵਡੇ ਹੋ ਕੇ ਨਾਂ ਪੈਦਾ ਕਰਦੇ ਹਨ। ਇਕ ਕੋਠੀ ਵਿਚ ਟੀ ਪਾਰਟੀ ਹੋ ਰਹੀ ਸੀ, ਬੜੇ ਲੋਕ ਇਕਠੇ ਹੋਏ ਸਨ, ਇਕ ਬੱਚਾ ਬੜੀ ਦੂਰੋਂ ਆਇਆ ਹੋਇਆ ਸੀ। ਜਦੋਂ ਪਾਰਟੀ ਖਤਮ ਹੋਈ ਤਾਂ ਘਰ ਦੀ ਮਾਲਕਣ ਉਸ ਮੁੰਡੇ ਕੋਲ ਆਈ। ਉਸ ਨੂੰ ਕਹਿਣ ਲਗੀ "ਕਾਕਾ, ਦੋ ਚਾਰ ਕੇਲੇ, ਸੰਗਤਰੇ ਹੋਰ ਖਾ ਲੈ"। ਉਸ ਕਿਹਾ "ਜੀ, ਮੈਂ ਰਜਿਆ ਹੋਇਆ ਹਾਂ", ਫਿਰ ਕਹਿਣ ਲਗੀ "ਆਪਣੀ ਜ਼ੇਬ ਵਿਚ ਪਾ ਲੈ ਰਾਹ ਵਿਚ ਖਾ ਲਵੀਂ" ਉਸ ਕਿਹਾ "ਮੇਰੇ ਬੋਝੇ ਅਗੇ ਹੀ ਇਹਨਾਂ ਚੀਜਾਂ ਨਾਲ ਭਰੇ ਪਏ ਹਨ।

"ਜੀ ਓਏ ਢਿਡਾ ਜੀ" ਕਹਿਣ ਵਾਲੇ ਹਰ ਤਬਕੇ ਦੇ ਲੋਕਾਂ ਵਿਚੋਂ ਮਿਲ ਜਾਂਦੇ ਹਨ। ਇਹ ਅਮੀਰ ਵੀ ਹੋ ਸਕਦੇ ਹਨ, ਗਰੀਬ ਵੀ, ਛੋਟੇ ਵੀ ਹੋ ਸਕਦੇ ਹਨ ਤੇ ਵਡੇ ਵੀ, ਨੌਕਰ ਵੀ ਹੋ ਸਕਦੇ ਹਨ ਮਾਲਕ ਵੀ, ਕਈ ਸਿਧੇ ਹਥੀਂ ਖਾ ਲੈਂਦੇ ਹਨ ਕਈ ਖੋਹ ਕੇ, ਕਈ ਭਲਮਾਣਸੀ ਨਾਲ ਲੈ ਲੈਂਦੇ ਹਨ ਤੇ ਕਈ ਹੇਰਾ ਫੇਰੀ ਕਰ ਕੇ। ਮੁਰਗੇ ਦੀ ਇਕੋ ਟੰਗ ਦਸਣ ਵਾਲੇ ਨੌਕਰ ਵਧੀਆ ਤੇ ਤਰ ਮਾਲ ਆਪ ਖਾ ਜਾਂਦੇ ਹਨ ਤੇ ਮਾਲਕ ਦੇ ਪਲੇ ਕੁਝ ਵੀ ਨਹੀ ਪਾਉਂਦੇ। ਇਕ ਸੇਠ ਨੇ ਇਕ ਨੌਕਰ ਰਖਿਆ, ਜੋ ਸ਼ਕਲ ਤੋਂ ਬੜਾ ਭੋਲਾ ਸੀ, ਪਰ ਵਿਚੋਂ ਬੜਾ ਚਾਲਬਾਜ਼ ਸੀ। ਇਕ ਦਿਨ ਮਾਲਕ ਨੇ ਨੌਕਰ ਨੂੰ ਬਾਜ਼ਾਰ ਤੋਂ ਬਦਾਮ ਲਿਆਉਣ ਲਈ ਆਖਿਆ। ਨੌਕਰ ਨੇ ਬਦਾਮ ਲਿਆ ਕੇ ਗਿਰੀਆਂ ਆਪ ਖਾ ਲਈਆਂ ਤੇ ਛਿਲੜਾਂ ਪਲੇਟ ਵਿਚ ਪਾ ਕੇ ਮਾਲਕ ਦੇ ਅਗੇ ਲਿਆ ਰਖੀਆਂ। ਮਾਲਕ ਨੂੰ ਗੁਸਾ ਆਇਆ। ਉਸ ਪੁਛਿਆ "ਗਿਰੀਆਂ ਕਿਥੇ ਹਨ ?" ਨੌਕਰ ਨੇ ਭੋਲੇਪਨ ਵਿਚ ਉਤਰ ਦਿਤਾ ਕਿ "ਗਿਰੀਆਂ ਸੁਟ ਦਿਤੀਆਂ ਹਨ।" ਮਾਲਕ ਨੇ ਉਸ ਨੂੰ ਸਮਝਾਉਂਦਿਆਂ ਹੋਇਆਂ ਆਖਿਆ। "ਨਲਾਇਕਾ, ਖੁਸ਼ਕ ਫਲ ਦੀਆਂ ਗਿਰੀਆਂ ਹੀ ਤਾਂ ਖਾਣ ਵਾਲੀਆਂ ਹੁੰਦੀਆਂ ਤੇ ਛਿਲਕੇ ਤਾਂ ਸੁਟ ਦਿਤੇ ਜਾਂਦੇ ਹਨ।" ਕੁਝ ਦਿਨਾਂ ਬਾਅਦ ਨੌਕਰ ਨੂੰ ਛੁਹਾਰੇ ਲਿਆਉਣ ਲਈ ਆਖਿਆ ਗਿਆ ਤਾਂ ਉਸ ਉਪਰੋਂ ਉਪਰੋਂ ਖਾ ਕੇ ਗਿਟਕਾਂ ਪਲੇਟ ਵਿਚ ਪਾ ਕੇ ਮਾਲਕ ਅਗੇ ਲਿਆ ਰਖੀਆਂ ਮਾਲਕ ਨੂੰ ਬਦਾਮਾਂ ਵਾਲੀ ਗਲ ਤੇ ਉਸ ਦਿਨ ਦੀ ਦਿਤੀ ਨਸੀਅਤ ਯਾਦ ਆ ਗਈ, ਉਹ ਬੋਲ ਹੀ ਨਾ ਸਕਿਆ।

ਖਾਣ ਲਗਿਆਂ ਕਈ ਪੇਟੂ ਅਗਾ ਪਿਛਾ ਵੀ ਨਹੀਂ ਵੇਖਦੇ ਤੇ ਰਤਾ ਜਿੰਨੀ ਵੀ ਕਸਰ ਨਹੀਂ ਛਡਦੇ। ਇਕ ਪੇਟੂ ਕਿਸੇ ਦੇ ਘਰ ਡਿਨਰ (ਰਾਤ ਦਾ ਖਾਣਾ) ਖਾਣ ਗਿਆ। ਮੀਟ, ਮਛੀ, ਅੰਡੇ ਆਦਿ ਨੂੰ ਚੰਗਾ ਰਗੜਾ ਚਾੜ੍ਹਿਆ। ਜਦ ਘਰ ਆਇਆ ਤਾਂ ਪੇਟ ਵਿਚ ਦਰਦ ਦੀ ਸ਼ਕਾਇਤ ਹੋਈ। ਹਕੀਮ ਸਾਹਿਬ ਨੂੰ ਜੋ ਨੇੜੇ ਹੀ ਰਹਿੰਦੇ ਸਨ ਬੁਲਾਇਆ ਗਿਆ। ਉਹਨਾਂ ਨੇ ਹਾਲਤ ਵੇਖ ਕੇ ਆਖਿਆ "ਮੈਂ ਚੂਰਨ ਘਲਦਾ ਹਾਂ ਗਰਮ ਪਾਣੀ ਨਾਲ ਖਾ ਲਵੇ।" ਪੇਟੂ ਨੇ ਜਵਾਬ ਦਿਤਾ "ਹਕੀਮ ਸਾਹਿਬ, ਜੇ ਚੂਰਨ ਖਾਣ ਜੋਗੀ ਥਾਂ ਪੇਟ ਵਿਚ ਬਾਕੀ ਹੁੰਦੀ ਤਾਂ ਮੈਂ ਦੋ ਉਬਲੇ ਅੰਡੇ ਹੋਰ ਨਾ ਅੰਦਰ ਸੁਟ ਲੈਂਦਾ।" ਇਕ ਹੋਰ ਪੇਟੂ ਨੂੰ ਸਿਵਾਏ ਖਾਣ ਪੀਣ ਦੇ ਹੋਰ ਕੋਈ ਕੰਮ ਹੀ ਨਹੀਂ ਸੀ, ਪਰ ਵਧੇਰੇ ਖੂਬੀ ਵਾਲੀ ਗਲ ਇਹ ਸੀ ਕਿ ਉਹ ਬੀਮਾਰ ਹੋ ਕੇ ਵੀ ਕੁਝ ਨਾ ਕੁਝ ਖਾਂਦਾ ਹੀ ਰਹਿੰਦਾ। ਇਕ ਵੇਰ ਉਸ ਨੂੰ ਬੜੀ ਸਖ਼ਤ ਕਬਜ਼ ਦੀ ਸ਼ਕਾਇਤ ਹੋ ਗਈ; ਪਰ ਉਸ ਖਾਣ ਪੀਣ ਵਿਚ ਕੋਈ ਫ਼ਰਕ ਨਾ ਪਾਇਆ। ਕਿਸੇ ਨੇ ਹਲਕਾ ਜਿਹਾ ਜਲਾਬ ਲੈਣ ਦੀ ਸਲਾਹ ਦਿਤੀ ਤਾਂ ਪੇਟੂ ਕਹਿਣ, "ਮੈਂ ਜਲਾਬ ਲੈਣ ਦੇ ਬੜਾ ਖਿਲਾਫ ਹਾਂ, ਜਲਾਬ ਲੈਣ ਮਗਰੋਂ ਪੂਰੀ ਖੁਰਾਕ ਨਹੀਂ ਖਾਧੀ ਜਾਂਦੀ, ਨਾਲੇ ਮੇਰਾ ਤਾਂ ਵਿਚਾਰ ਹੈ ਕਿ ਖਾਈ ਜਾਓ ਖਾਈ ਜਾਓ, ਆਖਰ ਇਹ ਸਾਰੀ ਖੁਰਾਕ ਜਾਏਗੀ ਕਿਥੇ, ਆਪੇ ਬਾਹਰ ਆਏਗੀ।"

ਆਪਣੇ ਬਾਲ ਬੱਚਿਆਂ ਦੇ ਸਿਰ ਉਤੇ ਹਥ ਫੇਰਨ ਦੀ ਥਾਂ ਆਪਣੀ ਗੋਗੜ ਉਤੇ ਹਥ ਫੇਰਨ ਵਾਲੇ ਹਰ ਥਾਂ ਤੇ ਹਰ ਪੇਸ਼ੇ ਦੇ ਲੋਕਾਂ ਵਿਚ ਮਿਲ ਜਾਂਦੇ ਹਨ। ਹਰ ਵਕਤ ਖਾਣ ਦਾ ਹੀ ਖਿਆਲ ਕਰਨ ਵਾਲੇ ਕਈ ਵਾਰੀ ਆਪਣੇ ਆਪ ਨੂੰ ਕੜਿਕੀ ਵਿਚ ਫਸਾ ਲੈਂਦੇ ਹਨ। ਇਕ ਚੋਰ ਕਿਸੇ ਦੇ ਘਰ ਤਰਕਾਲਾਂ ਵੇਲੇ ਹੀ ਜਾ ਘੁਸਿਆ। ਘਰ ਵਾਲੇ ਕਿਸੇ ਕੰਮ ਗਏ ਹੋਏ ਸਨ ਤੇ ਖਾਣਾ ਪਕਾ ਕੇ ਰਖ ਗਏ ਸਨ। ਚੋਰ ਨੂੰ ਗਰਮ ਗਰਮ ਖਾਣਿਆਂ ਦੀ ਵਾਸ਼ਨਾ ਰਸੋਈ ਵਿਚੋਂ ਆਈ ਤਾਂ ਉਹ ਡਹਿ ਪਿਆ ਉਨ੍ਹਾਂ ਸਵਾਦਿਸ਼ਟ ਖਾਣਿਆਂ ਦੀ ਅਲਖ ਮੁਕਾਉਣ। ਉਸ ਵਕਤ ਘਰ ਦਾ ਮਾਲਕ ਆ ਗਿਆ ਤੇ ਚੋਰ ਸੇਵੀਆਂ ਖਾਂਦਾ ਹੋਇਆ ਹੀ ਫੜਿਆ ਗਿਆ। ਖਾਣ ਦੇ ਸ਼ੌਕੀਨ ਭਾਵੇਂ ਕਿਸੇ ਥਾਂ ਹੋਣ ਉਹ ਆਪਣੇ ਲਈ ਖੁਲ੍ਹੇ ਗਫੇ ਦਾ ਪ੍ਰਬੰਧ ਕਰ ਹੀ ਲੈਂਦੇ ਹਨ। ਇਕ ਵੇਰ ਇਕ ਥਾਂ ਤਿੰਨ ਚਾਰ ਛੜਿਆਂ ਨੇ ਆਪਣੀ ਰੋਟੀ ਆਪ ਤਿਆਰ ਕਰਨ ਦਾ ਪ੍ਰਬੰਧ ਕੀਤਾ ਹੋਇਆ ਸੀ। ਉਹਨਾਂ ਵਿਚੋਂ ਰੋਟੀ ਪਕਾਉਣ ਤੇ ਸਬਜ਼ੀ ਭਾਜੀ ਤਿਆਰ ਕਰਨ ਦਾ ਢੰਗ ਸਿਰਫ ਇਕ ਨੂੰ ਹੀ ਆਉਂਦਾ ਸੀ, ਬਾਕੀ ਦੇ ਸਾਰੇ ਉਪਰਲਾ ਕੰਮ ਹੀ ਕਰ ਕੇ ਉਸ ਦਾ ਹਥ ਵਟਾਉਂਦੇ ਸਨ, ਪਰ ਇਹ ਸਦਾ ਉਹਨਾਂ ਨੂੰ ਮਹਿੰਗਾ ਪੈਂਦਾ ਕਿਉਂਕਿ ਉਹਨਾਂ ਦੇ ਲਾਂਗਰੀ ਨੂੰ ਖਾਣ ਪੀਣ ਦਾ ਵਧੇਰੇ ਸ਼ੌਕ ਸੀ ਤੇ ਉਹ ਕਦੇ ਦਾਲ ਸਬਜ਼ੀ ਵਿਚ ਲੂਣ ਵਧੇਰੇ ਪਾ ਦੇਂਦਾ, ਕਦੇ ਮਿਰਚਾਂ ਬਹੁਤੀਆਂ ਠੇਲ੍ਹ ਦਿੰਦਾ ਤਾਂ ਜੁ ਦੂਜੇ ਬਹੁਤੀ ਸਬਜ਼ੀ ਖਾ ਨਾ ਸਕਣ। ਚਾਹ ਬਣਾਉਂਦਾ ਤਾਂ ਕਹਿੰਦਿਆਂ ਕਹਿੰਦਿਆਂ ਖੰਡ ਵਧੇਰੀ ਪਾ ਦੇਂਦਾ। ਕੜਾਹ ਬਣਾਉਂਦਾ ਤਾਂ ਸੂਜੀ ਕਚੀ ਰਖ ਦੇਂਦਾ। "ਜੀ ਓਏ ਢਿਡਾ ਜੀ" ਕਹਿਣ ਵਾਲੇ ਖਾਣ ਪੀਣ ਦੇ ਸ਼ੌਕੀਨਾਂ ਨੂੰ ਘਰ ਦੀ ਰੋਟੀ ਸਵਾਦ ਹੀ ਨਹੀਂ ਦੇਂਦੀ ਅਤੇ ਉਹ ਹੋਟਲਾਂ ਉਤੇ ਪੈਸੇ ਰੋੜ੍ਹਦੇ ਹਨ ਤੇ ਆਪਣੀ ਸੰਤਾਨ ਵਲੋਂ ਅਵੇਸਲੇ ਹੀ ਰਹਿੰਦੇ ਹਨ।

304, Sector 21-A, Chandigarh, India.

# ਡਾ: ਅਤਰ ਸਿੰਘ ਤੇ ਪੰਜਾਬੀਅਤ

ਨਰਵਿੰਦਰ ਸਿੰਘ

ਕੁਝ ਦਿਨ ਹੋਏ ਡਾ. ਅਤਰ ਸਿੰਘ ਨੇ ਅੰਮ੍ਰਿਤਸਰ ਇਕ ਸਾਹਿਤਕ ਕਾਨਫਰੰਸ ਵਿਚ ਆਪਣਾ ਪਰਚਾ 'ਪੰਜਾਬੀਅਤ' ਉੱਤੇ ਪੜ੍ਹਿਆ। ਇਹੋ ਜਿਹਾ ਪਰਚਾ, ਏਸੇ ਵਿਸ਼ੇ ਉਤੇ, ਕਈ ਥਾਵਾਂ 'ਤੇ ਉਹ ਕਈ ਸਾਲਾਂ ਤੋਂ ਪੜ੍ਹਦੇ ਚਲੇ ਆ ਰਹੇ ਹਨ। ਪਰ ਕਮਾਲ ਦੀ ਗੱਲ ਇਹ ਕਿ ਇਸ ਵਾਰ ਇਸ ਪਰਚੇ 'ਤੇ ਭਖਵੀਂ ਤੇ ਖੜਕਵੀਂ ਬਹਿਸ ਵੀ ਹੋਈ! ਇਸ ਪਰਚੇ ਵਿਚ ਕੁਝ ਇਕ ਅੰਕੜਿਆਂ ਅਤੇ ਇਤਿਹਾਸਕ ਵੇਰਵਿਆਂ ਦੇ ਜੋੜ-ਤੋੜ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ! ਇਹ ਅਗੁੰਦਵਾਂ ਵੀ ਸੀ ਅਤੇ ਕੋਈ ਮੱਤ ਵੀ ਇਸ ਵਿਚ ਸਥਾਪਤ ਨਹੀਂ ਸੀ ਕੀਤਾ ਗਿਆ। ਇਸ ਵਿਚ ਖਾਹਮਖਾਹ ਬਾਰ ਬਾਰ ਪਾਕਿਸਤਾਨੀ ਪੰਜਾਬੀ ਸਾਹਿਤ ਅਤੇ ਲੋਕਾਂ ਦੀ ਗੱਲ ਕੀਤੀ ਗਈ ਸੀ।

ਇਸ ਪਰਚੇ 'ਤੇ ਬੋਲਦਿਆਂ ਪ੍ਰੋ: ਤੇਜਬੀਰ ਕਸੇਲ ਨੇ ਕਿਹਾ : (ਸੰਖੇਪ ਰੂਪ ਵਿਚ) ਡਾ: ਅਤਰ ਸਿੰਘ ਅਜ ਕਲ੍ਹ ਪੰਜਾਬੀਅਤ ਦੇ ਸਿਰਮੌਰ ਪਰਵਕਤਾ ਹਨ। ਦੂਜਾ ਪਰਵਕਤਾ ਸ: ਖ਼ੁਸ਼ਵੰਤ ਸਿੰਘ ਹੈ ਜਿਸ ਨੇ ਇਕ ਵਾਰ ਇਲੱਸਟਰੇਟਡ ਵੀਕਲੀ ਦਾ ਇਕ ਅੰਕ ਪੰਜਾਬ ਤੇ ਪੰਜਾਬੀਅਤ ਬਾਰੇ ਕਢਿਆ ਸੀ ਜਿਸ ਵਿਚ ਉਸ ਪੰਜਾਬੀਅਤ ਨੂੰ ਟਰੱਕ-ਡਰਾਈਵਰਾਂ ਅਤੇ ਲੱਸੀ ਪੀਣ ਵਾਲੇ ਲੋਕਾਂ ਤਕ ਹੀ ਸੀਮਤ ਕਰ ਦਿਤਾ ਸੀ। ਦੂਜੇ ਪਰਵਕਤਾ, ਡਾ: ਅਤਰ ਸਿੰਘ ਹਨ, ਵਿਦਵਾਨ ਸਜਣ ਹਨ, ਪਰ ਇਹਨਾਂ ਦੀ ਇਹ ਖ਼ੂਬਸੂਰਤੀ ਹੈ ਜਾਂ ਕਮਜ਼ੋਰੀ ਕਿ ਪੰਜਾਬੀਅਤ ਬਾਰੇ ਇਹ ਆਪਣਾ ਮੁਹਾਵਰਾ ਵੇਲੇ ਦੀ ਸਰਕਾਰ ਦੇ ਬਦਲ ਜਾਣ ਨਾਲ ਹੀ ਬਦਲ ਲੈਂਦੇ ਹਨ!

ਪੰਜਾਬੀਅਤ ਦੀ ਠੀਕ ਪ੍ਰੀਭਾਸ਼ਾ ਨਾ ਹੋਣ ਕਰਕੇ ਸਭ ਤੋਂ ਵਧ ਗੰਦ ਖਲਾਰਣ ਵਾਲੇ ਕੁਝ ਇਕ ਕੱਚਘੱੜ ਉਹ ਮਾਰਕਸਿਸਟ ਆਲੋਚਕ ਹਨ ਜਿਹੜੇ ਆਪ ਨਾ ਕਮਿਊਨਿਸਟ ਹਨ ਤੇ ਨਾ ਮਾਰਕਸਿਸਟ ਤੇ ਜਿਹਨਾਂ ਦਾ ਅਨੈਲੇਸਿਸ ਐਂਟੀ ਟੋਟਲ ਮੈਨ ਤੇ ਐਂਟੀ ਕਲਚਰ ਹੈ। ਇਹਨਾਂ ਵਿਚ ਅਤਰ ਸਿੰਘ ਵਰਗੇ ਤੇ ਇਦਾਂ ਦੇ ਇਕ ਦੋ ਹੋਰ ਸੱਜਣ ਹਨ।

ਪੰਜਾਬੀਅਤ ਪਰਸੈਪਚੂਅਲ ਤੇ ਕਨਸੈਪਚੂਅਲ ਪੈਟਰਨ ਲਭਣ 'ਚ ਹੈ—ਤੇ ਕੀ ਆਰਕੀਟਾਈਪਲ ਵਿਸਡਮ ਹੁੰਦਾ ਹੈ—ਤੇ ਕਿਵੇਂ ਕੋਲੈਕਟਵ ਅਨ-ਕਾਨਸਸ ਨੂੰ ਸਮਝਣ ਵਿਚ ਪੰਜਾਬੀਅਤ ਹੈ, ਨਾ ਕਿ ਇਤਿਹਾਸਕ ਅੰਕੜੇ ਦਸਣ ਵਿਚ (ਭਾਵ ਇਹ ਕਿ ਕਨਸੈਪਚੂਅਲ ਆਪੋਜ਼ੀਸ਼ਨਜ਼ ਕੀ ਹੁੰਦੀਆਂ ਹਨ ਤੇ ਕਲਚਰਲ ਮੈਟਾਫ਼ਾਰ ਕੀ) ਅਤੇ ਜਾਂ ਪੰਜਾਬੀਅਤ ਦੀ ਪ੍ਰੀਭਾਸ਼ਾ ਕਰਨ ਲਈ ਕਿਵੇਂ ਡਾਇਕਰਾਨਕ ਵਿਧੀ ਨਹੀਂ ਅਪਨਾਈ ਦੀ, ਸਗੋਂ ਸਿਨਕਰਾਨਕ ਦੀ ਲੋੜ ਹੈ ਕਿਉਂਕਿ ਇਤਿਹਾਸ ਸਮੱਗਰੀ ਹੈ ਤੇ ਪੰਜਾਬੀਅਤ ਇਕ ਕਨਸੈਪਟ। (ਇਤਿਹਾਸ ਨਹੀਂ, ਸਗੋਂ ਇਤਿਹਾਸ ਕੀ ਪ੍ਰਗਟ ਕਰਦਾ ਹੈ, signify) ਅਤਰ ਸਿੰਘ ਸਿਰਫ਼ ਇਤਿਹਾਸਕ ਟੂਕਾਂ ਨਾਲ ਹੀ ਕੰਮ ਸਾਰਦਾ ਹੈ। ਮੈਨੂੰ ਅਫ਼ਸੋਸ ਹੈ ਕਿ ਉਹਨੂੰ ਤਾਂ ਭਾਸ਼ਾ ਦੀ ਵੀ ਪ੍ਰੀਭਾਸ਼ਾ ਕਰਨੀ ਨਹੀਂ ਆਉਂਦੀ। ਉਹ ਸਿਰਫ਼ ਬੋਲੀ ਜਾਂਦੀ ਭਾਸ਼ਾ ਨੂੰ ਹੀ ਭਾਸ਼ਾ ਸਮਝ, ਭਾਸ਼ਾ ਦਾ ਗਲ ਘੁੱਟਦਾ ਹੈ। ਡਾ: ਹਰਜੀਤ ਸਿੰਘ ਗਿੱਲ ਤੇ ਉਹਦੀ ਟੀਮ ਨੇ ਇਸ ਖੇਤਰ ਵਿਚ ਵਿਗਿਆਨਕ ਢੰਗ ਨਾਲ ਕੁਝ ਕੰਮ ਕੀਤਾ ਹੈ—ਤੇ ਇਹ ਪੰਜਾਬੀਆਂ ਲਈ ਇਕ ਵਿਲੱਖਣ ਉਦਾਹਰਣ ਹੈ। ਸਾਨੂੰ ਐਨੇਲਿਸਟ ਦੀ ਲੋੜ ਹੈ ਨਾ ਕਿ ਅਤਰ ਸਿੰਘ ਵਰਗੇ [illegible]। [illegible] ਲੋਕ ਸਿਰਫ਼ ਬੋਲੇ ਤਾਂ ਐਵੇਂ ਬੋਲੀ ਤੇ ਲਿਖੀ ਜਾਂਦੇ ਹਨ—ਇਹਨਾ ਦਾ ਕੀ ਕਰੀਏ?

ਡਾ: ਅਤਰ ਸਿੰਘ ਆਪਣੇ ਪੰਜਾਬ ਦੇ ਨੌਜੁਆਨ ਤੇ ਪਰੁਤਸ਼ ਲੇਖਕਾਂ ਦੀ ਗੱਲ ਕਰਨੀ [illegible] ਪਾਕਿਸਤਾਨੀ ਲੇਖਕਾਂ ਤੇ ਲੋਕਾਂ ਦੀ ਗੱਲ ਬਾਰ ਬਾਰ ਕਿਉਂ ਕਰਦੇ ਹਨ? ਤੇ [illegible] ਵਰਗੀ ਘਟੀਆ ਰਚਨਾ (ਜੋ ਕਿ ਸੁਰੀਅਲਲਿਜ਼ਮ ਦੇ ਮੁਢਲੇ ਗੀਤਿਆਂ ਉਪਰ ਵੀ ਪੂਰੀ ਨਹੀਂ ਉਤਰਦੀ) ਦੀ ਬਾਰ ਬਾਰ ਕਿਉਂ ਗੱਲ ਕਰਦੇ ਹਨ? ਇਹ ਕਲਨੀਅਲ ਵਤੀਰਾ ਹੈ। ਅਤਰ ਸਿੰਘ [illegible] ਪਾਕਿਸਤਾਨੀ ਸਾਹਿਤ ਇਕ ਭੁਲਾਈ ਚਾਲੋਂ ਹੈ। ਇਹ ਰਚਨਾ ਕਰਕੇ ਨਹੀਂ, ਸਗੋਂ ਆਪਣੇ [illegible] ਹਾਣ ਕਰਕੇ ਉਸ ਸਾਹਿਤ ਦੀ ਗੱਲ ਕਰਦੇ ਹਨ, ਜਦੋਂ ਕਿ ਆਪ ਕਿਸੇ ਵੀ ਰਚਨਾ ਦਾ [illegible]

SHAKTI
GIFT
6576 MAIN STREET,
VANCOUVER, B.C.
321-6214
•
•
Where you can get
all types of
Real and
Artificial
Jewellery and
all types of
oriental designs
can be made!
•
SALE AND
REPAIRS
OF
WATCHES
7211 MAIN ST.
Res.: 327-8259

ਘਰਨ ਦੇ ਅਸਮਰਥ ਹਨ।

ਸਤਿਆਰਥੀ ਸਾਹਿਬ ਨੇ ਆਪਣੇ ਸੂਖਮ ਵਿਅੰਗੀ ਢੰਗ ਨਾਲ ਡਾਕਟਰ ... ਸਿੰਘ ਨੂੰ ਸਮਝਾਇਆ ਕਿ ਪੰਜਾਬੀ ਸਿਰਫ਼ ਸਿੱਖਾਂ ਦੀ ਹੀ ਨਹੀਂ ਸਗੋਂ ਹਿੰਦੂਆਂ ਤੇ ਆਰੀਆ ਸਮਾਜੀਆਂ ਦੀ ਵੀ ਜ਼ਬਾਨ ਹੈ ਤੇ "ਡਾਕਟਰ ਸਾਹਿਬ ਦੇ ਸਹੁਰੇ ਮੇਰੇ ਪਿੰਡ ਹਨ—ਭਾਵ ਰੋਹਤਕ ਜ਼ਿਲ੍ਹੇ, ਜਿਨ੍ਹਾਂ ਉਹਨਾਂ ਕਈ ਪੰਜਾਬੀ ਬੋਲੀਆਂ ਦੇ ਭਾਵ ਅਰਥ ਦਸੇ ਤੇ ਕਿਹਾ ਕਿ ਇਹ ਕਿਵੇਂ ਜਗਤ ਵਿਚ ਵਿਲੱਖਣ ਹਨ। ਕੀ ਡਾਕਟਰ ਸਾਹਿਬ ਇਹਨਾਂ ਦਾ ਵਿਸ਼ਲੇਸ਼ਣ ਕਰ ਸਕਦੇ ਹਨ? ਉਹਨਾਂ ਕਿਹਾ (ਡਾਕਟਰ ਸਾਹਿਬ ਨੂੰ) 'ਗਿੱਧਿਆ ਪਿੰਡ ਵੜ ਵੇ, ਲਾਭ ਲਾਂਭ ਨਾ ਜਾ'—

ਸੁਰਿੰਦਰ ਕੰਬੋਜ ਨੇ ਕਿਹਾ ਪੰਜਾਬੀਅਤ ਪਿੰਡਾਂ ਵਿਚ ਵਸਦੀ ਹੈ, ਪੰਜਾਬੀਅਤ ਸਾਡੀ ਲੋਕ-ਜੋਤ ਹੈ ਨਾ ਕਿ ਇਹ ਟੁਟਾ ਫੁਟਾ ਡਾਕਟਰ ਸਾਹਿਬ ਵਾਲਾ ਇਤਿਹਾਸ। ਸਤਿਆਰਥੀ ਨੇ ਕਿਹਾ ਕਿ ਪੰਜਾਬੀਅਤ ਦੀ ਪਰਿਭਾਸ਼ਾ ਨਾ ਹੋਣ ਦੇਣ ਵਿਚ ਸਭ ਤੋਂ ਵੱਡਾ ਹੱਥ ਯੂਨੀਵਰਸਿਟੀਆਂ ਵਿਚ ਬਣੀਆਂ ਚੇਅਰਾਂ ਤੇ ਉਹਨਾਂ ਵਿਭਾਗਾਂ ਦਾ ਹੈ, ਜਿਹਨਾਂ ਸੋਧ ਦੇਣ ਦੀ ਥਾਂ ਅਸੋਧ ਦਿਤੀ ਹੈ। ਰਾਹੀ ਸਾਹਿਬ ਨੇ ਪੰਜਾਬੀ ਭਾਸ਼ਾ ਦੀ ਵਿਲੱਖਣਤਾ ਦਸੀ ਤੇ ਪੰਜਾਬੀ ਜਜ਼ਬੇ ਦੀ ਤਰਜ਼-ਬਿਆਨੀ ਕੀਤੀ। ਸਾਧੂ ਨੇ ਕਿਹਾ ਕਿ ਡਾਕਟਰ ਸਾਹਿਬ ਬੇਲੋੜਾ ਪਾਕਿਸਤਾਨੀ ਸਾਹਿਤ ਨਾਲ ਜੁੜੇ ਹਨ ਤੇ ਉਸ ਤੇ ਜ਼ੋਰ ਦੇ ਰਹੇ ਹਨ ਜਦੋਂ ਕਿ ਉਥੇ ਸਾਹਿਤ 1947 ਉਪਰ ਖਲੋਤਾ ਹੈ ਤੇ ਸਾਡੇ ਲੇਖਕ ਤੇ ਕਹਾਣੀਕਾਰ ਕਿਤੇ ਅਗੇ ਆ ਗਏ ਹਨ।

## ਗਰੇਡ ਬਾਰਾਂ ਡਿਪਲੋਮਾ ਪ੍ਰੋਗਰਾਮ (GRADE 12 DIPLOMA)

ਮੈਕਮਿੱਥ ਕਮਿਊਨਿਟੀ ਸਕੂਲ-7455 ਓਨਟੇਰੀਓ ਸਟਰੀਟ ਵੈਨਕੂਵਰ- ਵਲੋਂ ਗਰੇਡ ਬਾਰਾਂ ਡਿਪਲੋਮਾ ਦਾ ਇਕ ਛੋਟਾ ਜਿਹਾ ਕੋਰਸ ਜਨਵਰੀ 1978 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਡਿਪਲੋਮਾ ਕੋਰਸ ਕਰਨ ਵਾਲੇ ਨੂੰ ਬੀ.ਸੀ. ਸਰਕਾਰ ਵਲੋਂ ਮਨਜ਼ੂਰਸ਼ੁਦਾ ਬਾਰਾਂ ਗਰੇਡ ਦਾ ਸਰਟੀਫੀਕੇਟ ਦਿਤਾ ਜਾਵੇਗਾ। ਇਸ ਕੋਰਸ ਵਿਚ ਦਾਖ਼ਲਾ ਲੈਣ ਵਾਸਤੇ ਨਾਂ ਹੁਣੇ ਮੈਕਮਿੱਥ ਸਕੂਲ ਦੇ ਕਮਿਊਨਿਟੀ ਪ੍ਰੋਗਰਾਮ ਆਫ਼ਿਸ ਵਿਚ ਨਾਂ ਦਰਜ ਕੀਤੇ ਜਾ ਰਹੇ ਹਨ ਇਸ ਆਫ਼ਿਸ ਦਾ ਫ਼ੋਨ ਨੰਬਰ ਹੈ: 3251277

ਦਾਖ਼ਲਾ ਲੈਣ ਦੀਆਂ ਸ਼ਰਤਾਂ:

- ਤੁਹਾਡੀ ਉਮਰ 19 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ।
- ਤੁਹਾਨੂੰ ਬੀ.ਸੀ. ਵਿਚ ਰਹਿੰਦਿਆਂ ਨੂੰ ਘੱਟ ਤੋਂ ਘੱਟ ਛੇ ਮਹੀਨੇ ਜ਼ਰੂਰ ਹੋ ਗਏ ਹੋਣ।
- ਤੁਹਾਨੂੰ ਸਕੂਲ ਛੱਡਿਆਂ ਨੂੰ ਘੱਟ ਤੋਂ ਘੱਟ ਇਕ ਸਾਲ ਹੋ ਗਿਆ ਹੋਵੇ।
- ਤੁਹਾਨੂੰ ਅੰਗ੍ਰੇਜ਼ੀ ਭਾਸ਼ਾ ਦੀ ਮੂਲ ਜਾਣਕਾਰੀ ਹੋਣੀ ਜ਼ਰੂਰੀ ਹੈ।

ਇਸ ਕੋਰਸ ਅਧੀਨ ਤੁਹਾਨੂੰ ਅੰਗ੍ਰੇਜ਼ੀ, ਕੌਨਜ਼ਿਊਮਰ-ਸਟੱਡੀਜ਼, ਕੈਨੇਡੀਅਨ ਸਾਹਿਤ, ਲਿਟਰੇਚਰ ਅਤੇ ਮੈਥੇਮੈਟਿਕਸ ਦੇ ਇਮਤਿਹਾਨਾਂ ਦੀ ਤਿਆਰੀ ਕਰਵਾਈ ਜਾਵੇਗੀ। ਇਨ੍ਹਾਂ ਟੈਸਟਾਂ ਦੇ ਪ੍ਰਬੰਧ ਲਈ ਫ਼ੀਸ ਪੰਜ ਡਾਲਰ ਹੈ।

ਇਸ ਡਿਪਲੋਮੇ ਦੀ ਲੋੜ:

ਜਿਨ੍ਹਾਂ ਲੋਕਾਂ ਕੋਲ ਬਾਰਾਂ ਗਰੇਡ ਦਾ ਡਿਪਲੋਮਾ ਇਸ ਵੇਲੇ ਨਹੀਂ ਹੈ ਉਹ ਇਹ ਸਰਟੀਫੀਕੇਟ ਪ੍ਰਾਪਤ ਕਰਕੇ ਗਰੇਡ ਬਾਰਾਂ ਪਾਸ ਦੇ ਸਾਰੇ ਲਾਭ ਹਾਸਲ ਕਰ ਸਕਦੇ ਹਨ ਜਿਵੇਂ:

- ਚੰਗੀਆਂ ਨੌਕਰੀਆਂ ਲਈ ਅਰਜ਼ੀਆਂ ਦੇਣਾ
- ਆਪਣੇ ਅਦਾਰੇ ਵਿਚ ਅਗੋਂ ਤਰੱਕੀ ਹਾਸਲ ਕਰਨਾ
- ਪੋਸਟ-ਸੈਕੰਡਰੀ ਵਿਦਿਅਕ ਸੰਸਥਾਵਾਂ ਵਿਚ ਉੱਚ ਵਿਦਿਆ ਲਈ ਦਾਖ਼ਲਾ ਲੈ ਸਕਣਾ ਆਦਿ।

ਜੋ ਜਿਹੜੇ ਲੋਕ ਗਰੇਡ ਬਾਰਾਂ ਦਾ ਸਰਟੀਫੀਕੇਟ ਹਾਸਲ ਕਰਨਾ ਚਾਹੁੰਦੇ ਹੋਣ ਉਹਨਾਂ ਨੂੰ ਛੇਤੀ ਹੀ ਆਪਣੇ ਨਾਂ ਮੈਕਮਿੱਥ ਕਮਿਊਨਿਟੀ ਸਕੂਲ ਦੇ ਕਮਿਊਨਿਟੀ ਪ੍ਰੋਗਰਾਮ ਆਫ਼ਿਸ (3251277) ਵਿਚ ਦਰਜ ਕਰਾਉਣਾ ਚਾਹੀਦਾ ਹੈ ਕਿਉਂਕਿ ਕੋਰਸ ਜਨਵਰੀ 1978 ਤੋਂ ਸ਼ੁਰੂ ਹੋ ਰਿਹਾ ਹੈ।

# ਦਰਪਣ

ਮਤ

ਮੈਨੂੰ ਇਕੋ ਇਕਾਂਤ ਬਾਰੇ ਲਿਖਣ ਦੀ ਆਦਤ ਬੜੀ ਘੱਟ ਹੈ, ਪਰ "ਵਤਨੋਂ ਦੂਰ" ਦੇ ਸਾਰੇ ਸਫ਼ਿਆਂ ਵਿਚ ਜਿਵੇਂ ਕੋਈ ਨਵਾਂ ਤਿਲਿਸਮ ਹੁੰਦਾ ਹੈ, ਬਹੁਤ ਹੀ ਵਧੀਆ ਜਾਣਕਾਰੀ...... ਤ੍ਰਿਗੇ ਕੈਨੇਡਾ ਦੇ ਪੰਜਾਬੀ ਲੇਖਕ ਲਿਖਦੇ ਹੀ ਬੜਾ ਖ਼ੂਬਸੂਰਤ ਤੇ ਕਾਬਲ ਜ਼ਿਕਰ ਵਿਸ਼ੇ ਦਾ ਹਨ...... ਆਪਣੀਆਂ ਰਚਨਾਵਾਂ "ਵਤਨੋਂ ਦੂਰ" ਤੇ ਪੜ੍ਹ ਕੇ ਮੈਨੂੰ ਖ਼ੁਸ਼ੀ ਮਿਲਦੀ ਹੈ ਕਿ ਸਾਡਾ ਸੁਨੇਹਾ ਪਾਠਕਾਂ ਤਕ ਪਹੁੰਚ ਰਿਹਾ ਹੈ।

ਮਹਿੰਦਰ ਸਿੰਘ ਦੁਸਾਂਝ
ਵੀ.ਪੀ.ਓ.- ਜਗਤਪੁਰ ਵਾਇਆ ਮੁਕੰਦਪੁਰ, ਪੰਜਾਬ।

'ਵਤਨੋਂ ਦੂਰ' ਮੈਂ ਤੇ ਮੇਰੀਆਂ ਸਹੇਲੀਆਂ ਨੇ ਬਹੁਤ ਪਸੰਦ ਕੀਤਾ ਹੈ। "ਵਤਨ ਤੋਂ ਦੂਰ ਰਹਿਣ ਵਾਲਿਆਂ ਨੂੰ ਵਤਨ ਦੀ ਯਾਦ ਵਿਸਰਦੀ ਨਹੀਂ" ਤੁਹਾਡਾ ਬਹੁਤ ਬ ਧੰਨਵਾਦ। ਵਾਹ! ਅਜਿਹ ਵਾਲੀ ਪ੍ਰਦੇਸੀ ਪੀੜ੍ਹੀ ਨੂੰ ਵਤਨ ਦੀ ਯਾਦ ਹੈ।

ਕੁਲਵਿੰਦਰ ਬਾਲੀ ਬੀ.ਏ. (ਫਾਈਨਲ)
ਨਕੋਦਰ, ਜਲੰਧਰ

'ਵਤਨੋਂ ਦੂਰ' ਤੁਹਾਡੇ ਵਲੋਂ ਕੀਤੀ ਜਾ ਰਹੀ ਪੰਜਾਬੀ ਸਾਹਿਤ ਦੀ ਸੇਵਾ ਸ਼ਲਾਘਾਯੋਗ ਹੈ। ਖ਼ੁਦਾ ਕਰੇ ਤੁਹਾਡਾ ਇਹ ਪਰਚਾ ਨਿੱਤ ਨਵੀਆਂ ਮੰਜ਼ਲਾਂ ਮਾਰੇ। ਸ਼ੁਭ ਇੱਛਾਵਾਂ ਤੇ ਆਸ਼ਾਵਾਂ ਸਹਿਤ

ਸਤਿਨਾਮ ਜੋਗਾ ਸਿੰਘ
ਪਿੰਡ ਸਹੌਰਾਂ, ਫਗਵਾੜਾ - 144401 ਪੰਜਾਬ

ਅਗਸਤ 77 ਦਾ ਪਰਚਾ ਮਿਲਿਆ। ਮੁੱਖ ਚਿੱਤਰ ਸ਼ਲਾਘਾਯੋਗ ਸੀ। ਰਣਜੀਤ ਖੁਮਾਣ ਦੀ ਮਿੰਨੀ ਕਹਾਣੀ - 'ਭਲਾਮਾਣਸ' ਵਧਾਈ ਦੀ ਹੱਕਦਾਰ ਹੈ।

ਸੁਖਦੇਵ ਤੂਫ਼ਨ
6306 SOPHIA ST. ਵੈਨਕੂਵਰ ਬੀ.ਸੀ. V5W 2W6

ਪਿਛਲੇ ਪਰਚੇ ਵਿਚ ਛਪੀਆਂ ਚੋਣਵੀਆਂ ਗੱਲਾਂ ਬਾਤਾਂ "ਆਪਣੇ ਲੋਕ" ਵਿਸ਼ੇਸ਼ ਤੌਰ, ਮੈਨੂੰ ਬਹੁਤ ਪਸੰਦ ਆਈਆਂ। ਮੈਂ ਲੇਖਕ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਸਚਾਈ ਨੂੰ ਉਲੀਕਿਆ ਹੈ। ਹੋ ਸਕਦੈ ਕੁਝ ਬੀਬੀਆਂ ਇਸ ਲੇਖ ਨੂੰ ਪੜ੍ਹ ਕੇ ਕੁਝ ਗੁੱਸਾ ਗਿਲਾ ਵੀ ਕਰਦੀਆਂ ਹੋਣਗੀਆਂ। ਸਚਾਈ ਸਾਂ ਕਹਿਣ ਨੂੰ ਕੜਵੀ ਲਗਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਇਕ ਅੱਧੇ ਪੰਡਤ ਨੇ ਵੀ ਕੁਰੂਕਸ਼ੇਤਰ ਸੂਰਜ ਗ੍ਰਹਿਣ ਵੇਲੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਸੀ," ਮਹਾਰਾਜ ਗੱਲਾਂ ਤੇ ਸੱਚੀਆਂ ਨੇ ਪਰ ਕੌੜੀਆਂ ਨੇ।"

ਹਰਭਜਨ ਪਰਹਾਰ
ਵਿਲੀਅਮਜ਼ ਲੇਕ

ਸਤੰਬਰ 77 ਦਾ 'ਵਤਨੋਂ ਦੂਰ' ਪੜ੍ਹਨ ਨੂੰ ਮਿਲਿਆ। ਰਸਾਲਾ ਵੇਖ ਕੇ ਇਕ ਨਵਾਂ ਉਤਸ਼ਾਹ ਅਤੇ ਹੁਲਾਸ ਹੋ ਗਿਆ। ਰਸਾਲੇ ਦੀਆਂ ਰਚਨਾਵਾਂ ਪੜ੍ਹ ਕੇ ਅਹਿਸਾਸ ਹੋਇਆ ਕਿ ਤੁਸੀਂ ਇਤਨੀ ਦੂਰ ਬੈਠੇ ਵੀ ਲੁੱਟ, ਬੇਇਨਸਾਫ਼ੀ ਅਤੇ ਭ੍ਰਿਸ਼ਟਾਚਾਰ ਨੂੰ ਕਿੰਨੀ ਸ਼ਿੱਦਤ ਨਾਲ ਮਹਿਸੂਸ ਕਰਦੇ ਹੋ ਜੋ ਕਿ ਭਾਰਤੀ ਆਰਥਕ ਢਾਂਚੇ ਵਿਚ ਵਿਦਮਾਨ ਹੈ। ਸੁਰਿੰਦਰ ਧੰਜਲ ਦੀ ਮਾਓ-ਜ਼ੇ-ਤੁੰਗ ਦੇ ਨਾਂ ਸ਼ਰਧਾਂਜਲੀ ਮਹਾਨ ਕ੍ਰਾਂਤੀਕਾਰੀ ਨੇਤਾ ਦੀ ਯਾਦ ਨੂੰ ਤਾਜ਼ਾ ਕਰ ਗਈ ਹੈ। 'ਅੰਜਮ' ਦੀ "ਲਹੂ ਦੀ ਲੋਅ" ਬਾਰੇ ਵਿਚਾਰ, ਪ੍ਰਮਾਤਮਾ ਪਾਲਕ ਅਤੇ ਇਨਕਲਾਬ ਸ਼ਰਧਾਂਜਲੀਆਂ ਦੀਆਂ ਨਜ਼ਮਾਂ ਦੀ ਵਿਰੋਧੀ ਸੁਰ ਦੀਆਂ ਵਧੀਆ ਵੰਨਗੀਆਂ ਹਨ।

ਗੁਰਬਚਨ ਜੱਸ, ਪੁਰਹੀਰਾਂ

ਕੈਨੇਡਾ ਵਿਚ ਵੱਸਦੇ ਹਿੰਦੁਸਤਾਨੀਆਂ, ਖ਼ਾਸ ਕਰ ਪੰਜਾਬੀਆਂ ਨੂੰ ਆਪਣੇ ਪਿਛਲੇ ਵਤਨ ਨਾਲ ਜੋੜੀ ਰੱਖਣ ਦਾ 'ਵਤਨੋਂ ਦੂਰ' ਇਕ ਉੱਤਮ ਪ੍ਰਯਾਸ ਹੈ। ਇਸ ਦਾ ਨਾਂ ਹੀ ਵਾਰ ਵਾਰ ਅੱਖਾਂ ਨੂੰ ਸਜੱਲ ਕਰ ਦੇਂਦਾ ਹੈ ਯਾਦ ਦੁਆਕੇ ਕਿ ਅਸੀਂ ਸਭ ਆਪੋ ਆਪਣੇ ਵਤਨਾਂ ਤੋਂ ਕਿੰਨੀ ਦੂਰ ਹਾਂ — ਪਰ ਇਸ ਦੂਰੀ ਦੇ ਗ਼ਮ ਨੂੰ ਕੁਝ ਹੱਦ ਤਕ ਗ਼ਲਤ ਕਰਨ ਲਈ ਜੋ ਉੱਦਮ ਤੁਸੀਂ ਕਰ ਰਹੇ ਹੋ ਉਹ ਪ੍ਰਸ਼ੰਸਾਯੋਗ ਹੈ।

ਐੱਸ. ਸਿੰਘ
182 ਸਪੈਂਸਰ ਸਟਰੀਟ, ਵਿਨੀਪੈੱਗ, ਕੈਨੇਡਾ

ਤੁਸੀਂ ਪਰਚੇ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਸਬੰਧੀ ਜੋ ਖਾਸ ਧਿਆਨ ਰਖਦੇ ਹੋ ਉਸ ਲਈ ਸਾਰੇ ਪੰਜਾਬੀ ਪਿਆਰਿਆਂ ਦੀ ਵਧਾਈ ਦੇ ਪਾਤਰ ਹੋ। ਪਰਚੇ ਦੀ ਦੱਖ ਇਤਨੀ ਸੁਹਣੀ ਹੈ ਕਿ ਪੰਜਾਬ ਵਿਚ ਪ੍ਰਕਾਸ਼ਤ ਹੋਣ ਵਾਲੀ ਸਮੱਗਰੀ ਦੀ ਉੱਚ ਪੱਧਰ ਦੀ ਹੈ। ਮੈਨੂੰ ਇਹ ਦੇਖ ਕੇ ਹੋਰ ਵੀ ਖੁਸ਼ੀ ਹੋਈ ਹੈ ਕਿ ਹਰ ਨਵੇਂ ਪਰਚੇ ਨਾਲ ਇਸ ਦੀ ਨੁਹਾਰ ਨਿਖਰਦੀ ਜਾਂਦੀ ਹੈ ਤੇ ਇਸ ਤੋਂ ਆਸ ਬੱਝਦੀ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਪਰਚਾ ਪੰਜਾਬੀ ਦੇ ਸੁਨਹਿਰੀ ਕਤਾਰ ਦੇ ਪਰਚਿਆਂ ਵਿਚ ਆਪਣੇ ਲਈ ਇਕ ਮਾਣਯੋਗ ਸਥਾਨ ਪ੍ਰਾਪਤ ਕਰ ਲਵੇਗਾ।

ਪ੍ਰੀਤਮ ਸਿੰਘ, ਰਣੀਗਾੜ੍ਹ
ਡੀ. 49, ਸੈਕਟਰ-14 ਪੰਜਾਬ ਯੂਨੀਵਰਸਿਟੀ ਕੈਂਪਸ

ਇਹ ਪੜ੍ਹ ਕੇ ਖੁਸ਼ੀ ਹੋਈ ਹੈ ਕਿ ਤੁਸੀਂ ਏਨੇਂ ਵਿਦੇਸ਼ੀ ਦੂਰ ਬੈਠੇ ਵੀ ਆਪਣੀ ਮਾਂ ਬੋਲੀ ਨਾਲ ਮੋਹ ਪਾਈ ਬੈਠੇ ਹੋ ਤੇ ਬੜੇ ਸਿਰੜ ਨਾਲ 'ਵਤਨੋਂ ਦੂਰ' ਨੂੰ ਦਿਨ ਪ੍ਰਤੀ ਦਿਨ ਸੁਚੱਜਾ ਬਣਾ ਰਹੇ ਹੋ; ਪਾਠਕਾਂ ਵਿਚ ਪੰਜਾਬੀ ਮਾਂ ਬੋਲੀ ਲਈ ਪਿਆਰ ਤੇ ਸਤਿਕਾਰ ਪੈਦਾ ਕਰਨ ਦਾ ਇਹ ਅਤਿ ਵਧੀਆ ਜਤਨ ਕਰ ਰਹੇ ਹੋ। ਇਸ ਕਰਕੇ ਕਿ ਤੁਹਾਡੇ ਪੌਦਿਆਂ ਨੂੰ ਬੂਰ ਪਏ... ਤੁਹਾਡੇ ਸਾਰਿਆਂ ਦੋਸਤਾਂ ਦੇ ਹੌਸਲੇ ਨੂੰ ਥਾਪੀ...।

ਰਜਨ ਧੀਰ (ਯੂ. ਕੇ.)

---

# ਨਾਟਕ ਚਰਚਾ: ਬੜੇ ਆਦਮੀ

ਸਾਧੂ

ਪਿਛਲੇ ਦਿਨੀਂ ਵੈਨਕੂਵਰ ਵਿਚ ਇੰਡੀਆ ਥੀਏਟਰ ਵਲੋਂ ਰਮੇਸ਼ ਮਹਿਤਾ ਦਾ ਨਾਟਕ — "ਬੜੇ ਆਦਮੀ" ਅਕਤੂਬਰ 27 ਅਤੇ ਨਵੰਬਰ 5 ਨੂੰ ਮੈਟਰੋ ਥੀਏਟਰ ਵਿਚ ਖੇਡਿਆ ਗਿਆ। ਇਥੋਂ ਦੀ ਈਸਟ ਇੰਡੀਅਨ ਕਮਿਊਨਿਟੀ ਦੇ ਵੱਖ ਵੱਖ ਵਰਗਾਂ ਵਿਚੋਂ ਥੀਏਟਰ ਨਾਲ ਮੋਹ ਪਾਲਣ ਵਾਲੇ ਲੋਕਾਂ ਦੀ ਇਹ ਇਕ ਸਾਂਝੀ ਕੋਸ਼ਿਸ਼ ਸੀ। ਇਥੋਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਜਿਉਂਦਿਆਂ ਇਸ ਕਿਸਮ ਦੇ ਕੰਮਾਂ ਨੂੰ ਹੱਥ ਪਾਉਣਾ ਤੇ ਨੇਪਰੇ ਚਾੜ੍ਹਨਾ ਆਪਣੇ ਆਪ ਵਿਚ ਇਕ ਪ੍ਰਾਪਤੀ ਹੈ ਜਿਸ ਲਈ ਇੰਡੀਆ ਥੀਏਟਰ ਦੇ ਸਾਰੇ ਮੈਂਬਰ ਵਧਾਈ ਦੇ ਹੱਕਦਾਰ ਹਨ; ਉਨ੍ਹਾਂ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਉਹ ਅੱਗੋਂ ਤੋਂ ਵੀ ਇਸ ਤਰ੍ਹਾਂ ਦੇ ਵਧੀਆ ਕੋਸ਼ਿਸ਼ਾਂ ਜਾਰੀ ਰਖਣਗੇ।

ਨਾਟਕ "ਬੜੇ ਆਦਮੀ" ਦੀ ਕਹਾਣੀ ਬੜੀ ਗੁੰਝਲਦਾਰ ਤੇ ਦਿਲਚਸਪ ਹੈ। ਘਟਨਾ ਪਿੱਛੋਂ ਘਟਨਾ, ਅਤੇ ਵਾਰਤਾਲਾਪ ਰਸ ਰਸ ਭਰਪੂਰ ਹੈ। ਆਪਣੇ ਆਪ ਨੂੰ "ਬੜੇ ਆਦਮੀ" ਸਾਬਤ ਕਰਨ ਲਈ ਗੁਮਨਾਮ ਸੇਠ ਵਾਲੇ ਲੋਕ ਕਿਵੇਂ ਢੌਂਗ ਰਚਦੇ ਹਨ, ਤੇ ਫੇਰ ਕਿਵੇਂ ਉਨ੍ਹਾਂ ਦੇ ਪੋਲ ਖੁਲ੍ਹਦੇ ਹਨ। ਨਾਟਕ ਦੇ ਕੁਝ ਕਲਾਕਾਰਾਂ ਦੀ ਅਦਾਕਾਰੀ ਪ੍ਰਭਾਵਸ਼ਾਲੀ ਸੀ ਜਿਵੇਂ ਕਿ (ਗੁਰਚਰਨ) ਸਿਕੰਦਰ ਅਤੇ (ਗੀਤਾ) ਰਤਨੀ ਤੇ ਸਜੋਧਾ ਦੇ ਰੋਲ ਵਿਚ ਬਾਕੀਆਂ ਨਾਲੋਂ ਵਧੇਰੇ ਕਾਮਯਾਬ ਰਹੇ। ਨਾਟਕ ਦੀ ਡਾਇਰੈਕਸ਼ਨ ਵਿਚ ਕੁਝ ਖਾਮੀਆਂ ਸਨ: ਪਾਤਰਾਂ ਦਾ ਸਟੇਜ ਤੇ ਆਉਣਾ ਅਤੇ ਸਟੇਜ ਤੋਂ ਬਾਹਰ ਜਾਣਾ ਨਾਟਕੀ ਨਹੀਂ ਸੀ ਜਾਪਦਾ; ਇਸ ਤੋਂ ਇਲਾਵਾ ਕਿਤੇ ਕਿਤੇ ਤਾਂ Prompting ਅਖਰਦੀ ਸੀ। ਕਮੀਆਂ ਦੇ ਬਾਵਜੂਦ ਸਮੁੱਚਾ ਪ੍ਰਭਾਵ ਮਾੜਾ ਨਹੀਂ ਸੀ।

ਨਾਟਕ ਦੀ ਪੇਸ਼ਕਾਰੀ ਬਾਰੇ ਇਕ ਦੋ ਸੁਝਾਅ ਹਨ: ਦਰਸ਼ਕਾਂ ਨੂੰ ਨਾਟਕ ਦੇ ਨਾਲ ਸਬੰਧੀ ਤੇ ਕਮਿਊਨਿਟੀ ਦੇ ਅਫ਼ਸਰਾਂ ਤੋਂ ਸੰਦੇਸ਼ਬਾਜ਼ੀ ਨਾ ਸੁਣਨੀ ਪਵੇ। ਨਾਟਕ ਪੇਸ਼ ਕਰਨ ਤੱਕ ਕੁਰਸੀਆਂ ਤਰਤੀਬਾਂ ਅਤੇ ਖਰਚੇ ਬਾਰੇ ਦਰਸ਼ਕਾਂ ਨੂੰ ਇੰਨਾ ਬਾਰ ਬਾਰ ਨਾ ਦਸਿਆ ਜਾਵੇ ਕਿ ਉਹ ਵਿਚਾਰੇ ਬੈਠੇ ਬੈਠੇ guilty ਮਹਿਸੂਸ ਕਰਨ ਲਗ ਪੈਣ। ਨਾਟਕ ਮਿਥੇ ਸਮੇਂ ਵਿਚ ਸ਼ੁਰੂ ਹੋਵੇ ਅਤੇ ਸਿਰਫ ਨਾਟਕ ਹੀ ਹੋਵੇ। ਨਾਟਕ ਦੇ ਨਾਲ ਜਾਂ ਵਿਚਾਲੇ ਸਟੇਜ ਤੋਂ ਸੈਂਸਰਤ ਜਾਣ ਪਛਾਣ ਤੇ ਉਦਘਾਟਨੀ ਆਦਿ ਨਾ ਹੋਵੇ। ਜੇ ਇਨ੍ਹਾਂ ਤੇ ਅਜੇਹੀਆਂ ਹੋਰ ਗੱਲਾਂ ਦਾ ਅੱਗੋਂ ਤੋਂ ਧਿਆਨ ਰੱਖਿਆ ਜਾਵੇ ਤਾਂ ਇੰਡੀਆ ਥੀਏਟਰ ਵਾਲੇ ਆਉਂਦੇ ਸਮੇਂ ਵਿਚ ਚੰਗੇ ਨਾਟਕਾਂ ਦੇ ਨਾਲ ਨਾਲ ਸੁਹਿਰਦ ਦਰਸ਼ਕ ਬਣਾਉਣ ਵਿਚ ਵੀ ਕਾਮਯਾਬ ਹੋ ਸਕਦੇ ਹਨ।

# ਇਕ ਰੀਪੋਰਟ

ਰਣਜੀਤ ਧੀਰ

ਪ੍ਰਗਤੀਸ਼ੀਲ ਲਿਖਾਰੀ ਸਭਾ, ਗ੍ਰੇਟ ਬ੍ਰਿਟਿਸ਼ ਦੀ ਸਾਊਥਾਲ ਬ੍ਰਾਂਚ ਵਲੋਂ 23 ਅਕਤੂਬਰ 1977 ਦਿਨ ਐਤਵਾਰ ਨੂੰ ਸ਼ਾਮ ਦੇ ਸੱਤ ਵਜੇ ਪਰਿਨਸੀਪਲ ਆਸ਼ਰਮ ਦੇ ਹਾਲ ਵਿਚ ਭਾਰਤ ਤੋਂ ਆਏ ਪ੍ਰਸਿਧ ਨਾਟਕਕਾਰ ਡਾ: ਹਰਚਰਨ ਸਿੰਘ ਡਾਕਟਰ ਦੇ ਮਾਣ ਵਿਚ ਇਕ ਸਾਹਿਤਕ ਸਮਾਗਮ ਕੀਤਾ ਗਿਆ। ਜਿਸ ਵਿਚ ਡਾਕਟਰ ਹੋਰਾਂ ਦੇ ਖੂਬ-ਚਰਚਿਤ ਨਾਟਕ "ਸਤੂ ਦੀ ਸੈਨ" ਉਤੇ ਵਿਚਾਰ ਵਟਾਂਦਰਾ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਡਾ: ਸਰਦਾਰ ਸਿੰਘ ਨੇ ਅਤੇ ਸਟੇਜ ਸਕੱਤਰੀ ਸ੍ਰੀ ਰਣਜੀਤ ਧੀਰ ਨੇ ਕੀਤੀ। ਨੌਜਵਾਨ ਲੇਖਕ ਡਾ: ਤਰਸੇਮ ਸਿੰਘ ਦੀ ਭਾਰਤ ਵਿਚ ਛੇ ਸਾਲ ਕੈਦ ਬਾਅਦ ਉਚੇਚੇ ਤੌਰ ਤੇ ਇਸ ਗੋਸ਼ਟੀ ਵਿਚ ਸ਼ਾਮਲ ਹੋਏ।

ਨਾਟਕ ਉਤੇ ਭਰਪੂਰ ਬਹਿਸ ਹੋਈ ਜਿਸ ਵਿਚ ਇੱਕ ਬੋਲਦਿਆਂ ਡਾਕਟਰ ਹੁਰਾਂ ਨੇ ਕਿਹਾ ਕਿ ਇਸ ਨਾਟਕ ਨਾਲ ਇਹ ਸਾਬਤ ਹੋ ਗਿਆ ਹੈ ਕਿ ਸਾਹਿਤ ਨੂੰ ਕੋਈ ਖਤਰਾ ਨਹੀਂ। ਉਨ੍ਹਾਂ ਕਿਹਾ ਕਿ ਇਸ ਨਾਟਕ ਦੇ ਛਪਣ ਨਾਲ ਭਾਰਤੀ ਪ੍ਰੋਫੈਸਰਾਂ ਦੇ ਦਲਾਂ ਦੀ ਇਜਾਰੇਦਾਰੀ ਟੁੱਟੀ ਹੈ ਜਿਹੜੇ ਕੁਝ ਚਿਰ ਤੱਕ ਵਿਦੇਸ਼ਾਂ ਦੇ ਸਾਰੇ ਸਾਹਿਤ ਵਿਚ ਨਵੀਆਂ ਪਾਬੰਦੀਆਂ ਲਾਉਂਦੇ ਆਏ ਹਨ ਜਿਨ੍ਹਾਂ ਦਾ ਲੋਕਾਂ ਨਾਲ ਤੁੱਲਕ ਹੀ ਨਹੀਂ ਸੀ ਹੁੰਦਾ। ਇੰਗਲੈਂਡ ਦੇ ਸਾਹਿਤਕਾਰਾਂ ਨੂੰ ਉਨ੍ਹਾਂ ਚੇਤਾਵਨੀ ਕੀਤੀ ਕਿ ਉਹ ਇਸ ਸਿਰਤ ਨੂੰ ਸਾਂਭੇ ਹੋਣ। ਕਮਿਊਨਿਸਟ ਪਾਰਟੀ ਖਿਲਾਫ਼ ਨਾਰਾਜ਼ਗੀ ਪ੍ਰਗਟ ਕਰਦਿਆਂ ਡਾਕਟਰ ਹੋਰਾਂ ਨੇ ਕਿਹਾ ਕਿ ਖੱਬੀ ਪਾਰਟੀ ਏ ਕਈ ਹੀ ਵੰਡੀ ਗਈ ਸੀ ਪਰਿਵਰਤਨਵਾਦੀ ਨਕਸਲੀ ਲਹਿਰ ਹੋਈ ਬਾਹਰ ਵੰਡੀ ਜਾ ਚੁੱਕੀ ਹੈ।

ਅਵਤਾਰ ਜੰਡਿਆਲਵੀ ਨੇ ਕਿਹਾ ਕਿ ਜੇ ਡਾਕਟਰ ਹੁਰੀਂ ਨਕਸਲੀਆਂ ਨਾਲ ਜਜ਼ਬਾਤੀ ਤੌਰ ਤੇ ਸਹਿਮਤ ਨਹੀਂ ਤਾਂ ਉਨ੍ਹਾਂ ਨੂੰ "ਗਲੋਰੀਫਾਈ" ਕਿਉਂ ਕੀਤਾ ? ਅਤੇ ਜੇ ਸਹਿਮਤ ਹਨ ਤਾਂ ਇਹ ਨਾਟਕ ਲੇਖਕ ਵਿਚੋਂ ਕਿਉਂ ਨਾ ਲਿਖਿਆ ਗਿਆ? ਰਣਧੀਰ ਧੀਰ ਨੇ ਪੁੱਛਿਆ ਕਿ ਅਸਾਂ ਵਰ੍ਹ ਲੋਕਾਂ, ਪਾਰਟੀਆਂ ਭਾਰਤੀ ਪ੍ਰੋਫੈਸਰਾਂ ਅਤੇ ਨਕਸਲੀਆਂ ਜਾਂ ਇਕ ਨੂੰ ਗਲਤ ਸਿੱਧ ਕਰਕੇ ਡਾਕਟਰ ਸਾਨੂੰ ਕਿਹੜੀ ਸੇਧ ਦਿੰਦਾ ਹੈ ? ਇਨ੍ਹਾਂ ਤੋਂ ਇਲਾਵਾ ਕਾਬਲ ਸਿੰਘ ਸਾਕਰ, ਤਰਸੇਮ, ਦੇਵਿੰਦਰ ਤੇ ਰਜਿੰਦਰ, ਸੁਖਦੇਵ ਸੋਹਲ ਤੇ ਅਮਰੀਕ ਸਿੰਘ ਆਦਿ ਨੇ ਬਹਿਸ ਵਿਚ ਹਿੱਸਾ ਲਿਆ। ਬਾਅਦ ਵਿਚ ਸ੍ਰੀਮਤੀ ਸੁਰਜੀਤ ਗਿੱਲ, ਸੁਰਿੰਦਰ ਵਾਲਸੀ, ਜੰਡਿਆਲਵੀ, ਹਰਵਿੰਦਰ ਸੈਂਹੀ ਤੇ ਡਾਕਟਰ ਹੋਰਾਂ ਨੇ ਗੀਤ ਅਤੇ ਕਵਿਤਾਵਾਂ ਸੁਣਾਈਆਂ।

o




ਸੋਨੇ ਦੇ ਲੇਟੈਸਟ ਡੀਜ਼ਾਇਨ ਦੇ ਗਹਿਣੇ ਖਰੀਦਣ ਲਈ

ਸੋਨੀ ਐਂਡ ਸਨਜ਼

**SONI & SONS**

**JEWELLERS**

Specialist in East Indian Jewelery

6524 MAIN ST.

(AT 49th. Ave.)

VANCOUVER, B.C.

PHONE 324-1012

**RES. 327-0783**



ਨਵਾਂ ਸਾਹਿਤ

ਦਸੰਬਰ--ਜਨਵਰੀ ਅੰਕ

**ਗੁਰਬਖਸ਼ ਸਿੰਘ ਪ੍ਰੀਤ ਲੜੀ ਅੰਕ** ਹੋਵੇਗਾ।

ਮੈਨੇਜਰ--ਨਵਾਂ ਸਾਹਿਤ ਚਾਂਦਨੀ ਚੌਕ ਦਿਲੀ

Are you looking for

# Miller's BODY SHOP LTD.

COMPLETE COLLISION REPAIRS

I.C.B.C. CLAIMS — 6 Days a Week Service

OPENS : 8.30 TO 8.00
COURTESY CARS AVAILABLE
LOW RATES
GUARANTEED WORK

Phone: 435-3133
SAM (SEWA) JEERH

5792 Beresford Street
South Burnaby, B.C.

8% Rebate on ICBC Claim (Labour Only)

Here we are




PHONE ANY TIME FOR
NEW & USED CARS and HALF TON TRUCKS



# MAJER SINGH DHALIWAL

CAR SALESMAN

ਨਵੀਂ ਜਾਂ ਪੁਰਾਣੀ ਕਾਰ, ਟੈਂਕਨ ਜਾਂ ਪਿਕਅੱਪ ਅਤੇ ਟਰੱਕ ਆਦਿਕ ਲੈਣੀ ਖਾਤਰ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ ਨੂੰ ਮਿਲੋ ਜੋ 641—LOUGHEED HWY. (NEAR LOUGHEED MALL) COQUITLAM, ਵਿਚ ਕਾਰ ਸੇਲਜ਼ਮੈਨ ਹਨ। ਦਫਤਰ ਵਾਸਤੇ ਜਾਂ ਘਰ 594-2838 ਤੇ ਫੋਨ ਕਰੋ। ਗੱਡੀ ਲੈਣ ਵੇਲੇ ਪੁੱਛਣ ਮੈਨੇਜਰ ਨੂੰ ਕਹੋ ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

Bus.
937-7711



Res.
594-2838

GARY PONTIAC-BUICK & GMC LTD

# GABA TRAVELS

4270 FRASER STREET,
VANCOUVER
PHONE: 876-0812
or 876-8121
(RAVINDER GABA)



*We have special groups going to INDIA, FIJI, HONGKONG and CHARTERED FLIGHTS to London.*

Indian, Fijian and Canadian Passports
are also arranged.

For your friends or relatives coming from India as visitors or immigrants, we have the following offices in India to serve you better:

1. NURMAHAL (Jullundur) phone 49.
2. ROXY HOTEL BLDG. (Jullundur)
   Phone 74597
3. JANDIALA (Jullundur).
4. 5-L Connought Circus, New Delhi
   Phone 46459

Contact: Mr. Manohar Lal Gaba)

ਸਾਡੇ ਪਾਸੋਂ ਹੇਠ ਲਿਖੀਆਂ ਵਸਤਾਂ ਮਿਲਦੀਆਂ ਹਨ:

ਹੈਂਡ ਬੈਗਜ਼
ਚਮੜੇ ਦੀਆਂ ਵਸਤਾਂ
ਚਾਂਦੀ ਤੇ ਪਿੱਤਲ ਦੀਆਂ
ਦਸਤ-ਕਿਰਤਾਂ
ਲੱਕੜ ਦੀਆਂ ਕਿਰਤਾਂ

ਭਾਰਤੀ ਜੌਅਲਰੀ

ਬੈੱਡ ਰੂਮ ਸੁਈਟਸ
[illegible]
ਕੌਫ਼ੀ ਟੇਬਲ
ਡਿਨੱਰ ਸੈੱਟਸ



ਜੋਗਿੰਦਰ ਸਿੰਘ ਸਰਾਂ

# SURAN ENTERPRISES LTD.

IMPORTERS — RETAILERS

33765 Essendene Avenue,
Abbotsford, B.C.
853-4971

Prop.: Joginder Singh Suran Res. 859-3574

FOR ANY KIND OF

# PHOTOGRAPHY

REMEMBER

# SANDEEP STUDIO

CALL

HARCHARAN SINGH JHUTEE

**435-3634**

## NEED ANY KIND OF MORTGAGE

**WHY PAY A BONUS?**

**LOW BROKERAGE FEES**

1st from 10¼%, 2nd from 12½%. Builders Interim at 17%.

Apartments: 1st 10½%, 2nd 13%.

We serve investor clients.

Existing mortgages and agreements for sale purchased.

ਅੱਜ ਤੋਂ ਬਾਅਦ ਤੁਹਾਨੂੰ ਪੈਸੇ ਬਾਰੇ ਕਿਸੇ ਕਿਸਮ ਦਾ ਫ਼ਿਕਰ ਕਰਨ ਦੀ ਲੋੜ ਨਹੀਂ ਤੁਸੀਂ ਕੋਈ ਚੀਜ਼ ਖਰੀਦਣੀ ਹੈ, ਘਰ ਦੀ ਮੁਰੰਮਤ ਕਰਨੀ ਹੈ ਜਾਂ ਹੋਰ ਕਿਸੇ ਕਿਸਮ ਦਾ ਖਰਚ ਤੁਹਾਡੇ ਸਿਰ ਖੜਾ ਹੈ ਤਾਂ ਅਸੀਂ ਤੁਰੰਤ ਹੀ ਤੁਹਾਡੀ ਸਮੱਸਿਆ ਹੱਲ ਕਰ ਸਕਦੇ ਹਾਂ।

Call Mrs. T. Sandhu 271-1962,
736-2551 (24 hrs.)

## HAMPSHIRE INVESTMENTS LTD.

*India's Famous*

**TANDOORI CHICKEN**

EAT IN OR TAKE OUT!

# RAJA RESTAURANT

(Licensed)

7271 MAIN ST., VANCOUVER, B.C.

FOR PARTY CATERING, HOME PARTIES AND BANQUETS, CONTACT

**Balwant**

**325-5014**

THINKING OF TRAVEL?

WE CAN SAVE YOU MONEY, TIME AND TROUBLE

GROUPS – CHARTER – EXCURSION

**PAY LATER**

SPECIAL IMMIGRANT FARES AVAILABLE

# GOYAL TRAVELS

4160 FRASER STREET, VANCOUVER 10, B.C.
PHONE: 872-7658

ASSOCIATE OFFICES:

1. Opposite Nehru Garden, Jullundur City
2. Near Courts Moga (India) – Phone 2798
3. Near Courts Jagraon (India) – Phone 252
4. Bhagat Singh Chowk, Sadar Bazaar Barnala, (India). Phone 555

# Saaz Aur Sangeet CJJC

**– RADIO PROGRAM – 800 AM**

## EVERY Tuesday from 9:00 to 10:00 P.M.

*Chohan Enterprises* * *Samra Bros.*

6684 MAIN STREET, VANCOUVER, B. C.

**327-4911**

8320 SCOTT ROAD, DELTA, B. C.

**581-2919**

# U-DAY APPLIANCE REPAIRS

ਕੀ ਘਰ ਵਿੱਚ ਕੋਈ ਬਹੁਤ ਜ਼ਰੂਰੀ ਬਿਜਲੀ-ਮਸ਼ੀਨ:

* ਫਰਿੱਜ
* ਸਟੋਵ
* ਫਰੀਜ਼ਰ
* ਵਾਸ਼ਰ

ਖਰਾਬ ਹੋਣ ਕਰਕੇ ਨਾ-ਖੁਸ਼ ਹੋ? ਮੁਰੰਮਤ ਲਈ ਫੋਨ ਕਰੋ:

ਉਦੈ ਕੋਰੋਟਾਣਾ
522-7347

FRIDGES, FREEZES, RANGES, WASHERS & DRYERS

•

• MOST RELIABLE SERVICE •
at
• REASONABLE RATES •

**Ask for UDAY KOROTANA** **Phone 522-7347**

**810 - 20th St.** **Bus. 521-5517**
**New Westminster**



COSMOPOLITAN MARRIAGE COUNSELLING LTD.

**9 East Broadway, Vancouver**
**V5T 1V4**

IF YOU ARE LOOKING FOR GOOD
LIFE PARTNER
*GIVE US CALL TODAY*

*

CONFIDENTIALITY MAINTAINED AT
ALL TIMES.

ਚੰਗਾ ਸਾਥੀ ਮਿਲਣਾ ਬੜੀ ਖੁਸ਼ਕਿਸਮਤੀ ਹੈ। ਅੱਜ ਹੀ ਇਹ ਸੱਚੀ ਖੁਸ਼ੀ ਹਾਸਲ ਕਰਨ ਲਈ ਸਾਨੂੰ ਮਿਲੋ। ਅਸੀਂ ਤੁਹਾਡੀ ਜਾਣ ਪਛਾਣ ਅੱਛੇ ਅੱਛੇ ਪਰਵਾਰਾਂ ਦੇ ਲੜਕੇ ਲੜਕੀਆਂ ਨਾਲ ਕਰਾ ਸਕਦੇ ਹਾਂ। ਹਰ ਤਰ੍ਹਾਂ ਦੀ ਸੂਚਨਾ ਗੁਪਤ ਰੱਖੀ ਜਾਂਦੀ ਹੈ।

○ ਅੱਜ ਹੀ ਸਾਡੇ ਆਫਿਸ ਤੋਂ ਫਾਇਦਾ ਉਠਾਓ।

○ ਹੋਰ ਵਧੇਰੇ ਜਾਣਕਾਰੀ ਲਈ ਫੋਨ ਕਰੋ
ਜਾਂ ਮਿਲੋ: ਮੇਜਰ ਸਿੰਘ ਗਿੱਲ ਫੋਨ: **876-1825**

# Kuldip Singh Jhand

**CARS SALESMAN.**

**FOR New & Used CARS • TRUCKS • VANS**

ਹਰ ਪਰਕਾਰ ਦੀ ਕਾਰ ਖਰੀਦਨ ਜਾਂ ਟਰੇਡ ਕਰਨੀ ਹੋਵੇ ਤਾਂ ਕੁਲਦੀਪ ਝੰਡ ਨੂੰ ਕਾਰ ਖਰੀਦਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫੂਨ ਕਰੋ।



*Kuldip Singh*

Res. 524-437
525-1355

"WE RUN A VERY SIMPLE BUSINESS."

GM



**WESTMINSTER CHEVROLET-OLDSMOBILE**
Twelfth & Queens New Westminster
**Bus. Phone: 521-7731**

Plan

# India Holidays

*with*

**SAFEWAYS GROUPS**

*For Instant Booking call collect:*

**604-873-5631**
**604-873-4011**

*We will arrange Canadian, Indian and Fijian passports.*

**SAFEWAYS**
**TRAVEL AGENCY LTD.**
*1391 Kingway* *Vancouver, B.C.*
*V5V 3E3*

# HIMALAYA RESTAURANT LTD.

(LICENSED PREMISES)

**2313 Main St., Vancouver, B.C.**
**876-2911, 327-1888**

**WHERE YOU CAN GET:**

Lamb Curry, Beef Curry, Prawn Curry, Goat Meat (Special) Vegetables, Samosas, Puree Chhollay, Lassi, Daheen (Curd), Gulab Jaman, Barfee, Baesan, Gajrela, Ladoo, Jalebi, Petha and many more.

**FULL DINNER Vegetarian $2.95 Non-Vegetarian $3.95**
**LUNCH- Special**

# Merry Christmas and A Happy New Year



ਜਗਮੋਹਨ ਸਿੰਘ ਪਾਬਲਾ

ਚਾਰ ਪੌਂਡ ਮਠਿਆਈ
ਨਾਲ ਇਕ ਪੈਕਟ
ਫੈਣੀਆਂ ਦਾ ਫਰੀ
ਜਾਂ
ਇਕ ਪੌਂਡ ਮਠਿਆਈ
ਫਰੀ



ਕੇਵਲ ਸਿੰਘ ਪਾਬਲਾ
ਭਾਰਤੀ ਮਠਿਆਈਆਂ ਅਤੇ
ਭਾਰਤੀ ਖਾਣਿਆਂ ਦੇ ਮਾਹਿਰ

ਵਿਆਹ ਸ਼ਾਦੀਆਂ ਸਮੇਂ ਕਿਸੇ ਵੀ ਕਿਸਮ ਦੀ ਮਠਿਆਈ ਬਨਾਉਣ ਲਈ ਮਿਲੋ ਜਾਂ ਫ਼ੂਨ ਕਰੋ। ਭਾਈ ਕੇਵਲ ਸਿੰਘ ਪਾਵਲਾ ਦੇ ਹੱਥ ਦੀਆਂ ਬਣੀਆਂ ਮਠਿਆਈਆਂ ਦੀ ਹਰ ਥਾਂ ਸ਼ਲਾਘਾ ਕੀਤੀ ਜਾਂਦੀ ਹੈ। ਤੁਸੀਂ ਵੀ ਉਨ੍ਹਾਂ ਦੇ ੨੬ ਸਾਲ ਦੇ ਤਜਰਬੇ ਦਾ ਲਾਭ ਉਠਾਓ।

**WATNO DŪR**

**14768 HALSTEAD PLACE**

**SURREY, B.C. , V3R 6S5**


# ਫਰੰਟੀਅਰ ਕਲਾਥ ਹਾਊਸ

## WE HAVE QUALITY.....
## AS WELL AS QUANTITY

***SPECIALISTS IN:***

* INDIAN SUITS
* SAREES, LEHNGAS
* CAPES, HARS
* AND OTHER INDIAN GOODS
* JAPANESE PRINTS
* PLAIN SAREES
* SUITS
* DRAPES




**HEAD OFFICE: NEW FRONTIER CLOTH HOUSE**
**PHAGWARA (PANJAB)**
**INDIA**

**Phone 2375**

# FRONTIER CLOTH HOUSE

**6672 MAIN STREET VANCOUVER, B.C.**

**Manager Vancouver Branch:**
**SUSHIL BATRA**

**Phones:** **Bus. 325-4424**
**Res. 324-5156**


WATNO DUR (Far from the Motherland) is a literary and cultural monthly of PANJABI language – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.